Regd. No. Pb/JL 146
Telex : 0385-221-HSPK IN

ਹਰ ਵਰਗ ਦਾ ਹਰਮਨ ਪਿਆਰਾ ਅਖਬਾਰ

Phones : 280104, 280105, 280107, 280108
Press : 280106, Fax : 91-181-280113

ਬਾਨੀ : ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ
The Daily JAG BANI, Jalandhar.

ਜਗ ਬਾਣੀ

ਸਾਲ 18 ਸ਼ੁਕਰਵਾਰ, 1 ਸਤੰਬਰ 1995 ਮੁਤਾਬਕ 16 ਭਾਦਰੋਂ, 2052 ਬਿਕ੍ਰਮੀ ਸੰਮਤ ਮੁੱਲ 1 ਰੁਪਿਆ 75 ਪੈਸੇ ਅੰਕ 43

079.543
M236.N78 NS.9

ਰਾਮਾਰਾਓ ਵੱਲੋਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਅਸਤੀਫਾ : ਨਾਇਡੂ ਨੂੰ ਸਰਕਾਰ ਬਣਾਉਣ ਦਾ ਸੱਦਾ

ਹੈਦਰਾਬਾਦ, 31 ਅਗਸਤ (ਯੂ. ਐੱਨ. ਆਈ., ਭਾਸ਼ਾ)— ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਟੀ. ਰਾਮਾਰਾਓ ਨੇ ਅਸਤੀਫਾ ਦੇ ਦਿੱਤਾ ਹੈ, ਜਦੋਂਕਿ ਰਾਜਪਾਲ ਕ੍ਰਿਸ਼ਨ ਕਾਂਤ ਨੇ ਸ੍ਰੀ ਰਾਮਾਰਾਓ ਦਾ ਅਸਤੀਫਾ ਮਨਜ਼ੂਰ ਕਰਨ ਉਪਰੰਤ ਉਨ੍ਹਾਂ (ਰਾਮਾਰਾਓ) ਦੇ ਜਵਾਈ ਸ੍ਰੀ ਚੰਦਰ ਬਾਬੂ ਨਾਇਡੂ ਨੂੰ ਅਗਲੀ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ ਹੈ। ਅੱਜ ਅਸੈਂਬਲੀ ਦਾ ਇਜਲਾਸ ਸ਼ੁਰੂ ਹੋਇਆਂ ਅਜੇ 15 ਮਿੰਟ ਹੀ ਹੋਏ ਸਨ ਕਿ ਅਸੈਂਬਲੀ ਉਠਾ ਦਿੱਤੀ ਗਈ। ਇਸ ਦੌਰਾਨ ਸ੍ਰੀ ਰਾਮਾਰਾਓ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਲਕਸ਼ਮੀ ਪਾਰਵਤੀ ਬੀਮਾਰ ਹੋਣ ਦੀ ਹਾਲਤ ਵਿਚ ਹਸਪਤਾਲ ਵਿਚ ਦਾਖਲ ਕਰਾ ਦਿੱਤੇ ਗਏ ਹਨ।

ਸ੍ਰੀ ਰਾਮਾਰਾਓ ਨੇ ਆਪਣਾ ਅਸਤੀਫਾ ਸੂਬਾਈ ਅਸੈਂਬਲੀ ਵਿਚ ਤਾਕਤ ਅਜ਼ਮਾਈ ਹੋਣ ਤੋਂ 2 ਘੰਟੇ ਪਹਿਲਾਂ ਦਿੱਤਾ। ਉਨ੍ਹਾਂ ਨੇ ਰਾਜਪਾਲ ਨੂੰ ਅਸਤੀਫਾ ਉਸ ਵੇਲੇ ਦਿੱਤਾ, ਜਦੋਂ ਉਹ ਇਥੇ ਮੈਡੀਸਿਟੀ ਹਸਪਤਾਲ ਵਿਚ ਉਨ੍ਹਾਂ ਦਾ ਹਾਲਚਾਲ ਪੁੱਛਣ ਗਏ। ਸ੍ਰੀ ਰਾਮਾਰਾਓ ਨੂੰ ਦਿਲ ਦਾ ਦੌਰਾ ਪੈਣ ਕਾਰਨ ਇਸ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਸ੍ਰੀ ਰਾਮਾਰਾਓ ਦੇ ਸਕੱਤਰ ਡਾਕਟਰ ਐੱਨ. ਜੈ ਪ੍ਰਕਾਸ਼ ਨਾਰਾਇਣ ਅਤੇ ਐਡੀਸ਼ਨਲ ਡੀ. ਜੀ. (ਕਾਨੂੰਨ ਪ੍ਰਬੰਧ) ਐੱਚ. ਜੇ. ਦੋਰਾ ਦੁਪਹਿਰੇ ਲਗਭਗ ਡੇਢ ਵਜੇ ਰਾਜਪਾਲ ਨੂੰ ਸ੍ਰੀ ਰਾਮਾਰਾਓ ਦੇ ਅਸਤੀਫੇ ਬਾਰੇ ਸੂਚਿਤ ਕਰਨ ਲਈ ਰਾਜ ਭਵਨ ਗਏ।

ਸੂਤਰਾਂ ਨੇ ਦੱਸਿਆ ਕਿ ਰਾਜਪਾਲ ਨੂੰ ਉਨ੍ਹਾਂ ਦੇ ਹਸਪਤਾਲ ਪਹੁੰਚਣ ਤੋਂ 10 ਮਿੰਟਾਂ ਦੇ ਅੰਦਰ ਹੀ ਅਸਤੀਫਾ ਫੜਾ ਦਿੱਤਾ ਗਿਆ। ਰਾਜਪਾਲ ਸ੍ਰੀ ਕ੍ਰਿਸ਼ਨ ਕਾਂਤ ਨੇ ਇਸ ਤੋਂ ਤੁਰੰਤ ਬਾਅਦ ਆਪਣੇ ਮੁਖ ਸਕੱਤਰ ਏ. ਐੱਨ. ਤਿਵਾੜੀ ਨਾਲ ਸਲਾਹ ਮਸ਼ਵਰਾ ਕੀਤਾ। ਉਨ੍ਹਾਂ ਨੇ ਕੇਂਦਰ ਨਾਲ ਵੀ ਇਸ ਬਾਰੇ ਸਲਾਹ-ਮਸ਼ਵਰਾ ਕੀਤਾ ਅਤੇ ਅਸਤੀਫਾ ਪ੍ਰਵਾਨ ਕਰ ਲਿਆ।

ਰਾਜ ਭਵਨ ਵੱਲੋਂ ਜਾਰੀ ਕੀਤੀ ਗਈ ਲਿਖਤੀ ਸੂਚਨਾ ਅਨੁਸਾਰ ਰਾਜਪਾਲ ਨੇ ਅਸਤੀਫਾ ਪ੍ਰਵਾਨ ਕਰ ਲਿਆ ਅਤੇ ਰਾਮਾਰਾਓ ਅਤੇ ਉਨ੍ਹਾਂ ਦੀ ਮੰਤਰੀ ਪ੍ਰੀਸ਼ਦ ਨੂੰ ਨਵੀਂ ਸਰਕਾਰ ਦੇ ਬਣਨ ਤਕ ਸੱਤਾ ਵਿਚ ਰਹਿਣ ਦੀ ਅਪੀਲ ਕੀਤੀ।

ਰਾਮਾਰਾਓ ਬੀਮਾਰ, ਪਾਰਵਤੀ ਬੇਹੋਸ਼ : ਇਸ ਦੌਰਾਨ ਅੱਜ ਸਵੇਰੇ ਪੌਣੇ 10 ਵਜੇ ਸ੍ਰੀ ਰਾਮਾਰਾਓ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਹ ਬੇਹੋਸ਼ ਹੋ ਗਏ। ਇਸ ਉਪਰੰਤ

(ਬਾਕੀ ਸਫਾ 8 'ਤੇ)

ਭਿਆਨਕ ਬੰਬ ਧਮਾਕੇ ਵਿਚ ਬੇਅੰਤ ਸਿੰਘ ਦਾ ਦੇਹਾਂਤ

ਪੰਜਾਬ-ਹਰਿਆਣਾ ਸਕੱਤਰੇਤ ਦੇ ਮੁੱਖ ਦਰਵਾਜ਼ੇ 'ਤੇ ਵੀ. ਆਈ. ਪੀ. ਕਾਰ ਵਿਚ ਧਮਾਕਾ—15 ਸੁਰੱਖਿਆ ਮੁਲਾਜ਼ਮ ਵੀ ਮਰੇ

7 ਦਿਨ ਦੇ ਸੋਗ ਦਾ ਐਲਾਨ : ਪੰਜਾਬ, ਹਰਿਆਣਾ, ਵਿਚ ਤਿੰਨ ਦਿਨ ਦੀ ਛੁੱਟੀ : ਪਹਿਲਾਂ ਐਲਾਨੇ ਸਾਰੇ ਸਮਾਰੋਹ ਰੱਦ

ਅੱਜ ਪੰਜਾਬ ਬੰਦ ਦਾ ਸੱਦਾ : ਕੇਂਦਰੀ ਆਗੂਆਂ ਵਲੋਂ ਵਿਛੜੇ ਆਗੂ ਨੂੰ ਸ਼ਰਧਾਂਜਲੀਆਂ : ਉੱਤਰੀ ਭਾਰਤ ਵਿਚ ਰੈੱਡ ਅਲਰਟ ਜਾਰੀ



ਪੰਜਾਬ ਦੇ ਪੁਲਸ ਮੁਖੀ ਕੇ. ਪੀ. ਐੱਸ. ਗਿੱਲ ਮੁੱਖ ਮੰਤਰੀ ਬੇਅੰਤ ਸਿੰਘ ਦੀ ਬੰਬ ਧਮਾਕੇ ਨਾਲ ਤਬਾਹ ਹੋਈ ਕਾਰ ਦਾ ਮੁਆਇਨਾ ਕਰਦੇ ਹੋਏ। (ਸੱਜੇ) ਕਾਰ ਦੇ ਮਲਬੇ ਵਿਚ ਪਏ ਸ੍ਰੀ ਬੇਅੰਤ ਸਿੰਘ ਦੇ ਸਰੀਰ ਦੇ ਅੰਗ (ਚਿੱਟੇ ਦਾਇਰੇ ਵਿਚ) (ਫੋਟੋ—ਅਨਿਲ ਪੁਰੀ)

ਬੰਬ ਧਮਾਕੇ ਵਿਚ ਮਾਰੇ ਗਏ ਹੋਰਨਾਂ ਲੋਕਾਂ ਦੀਆਂ ਖਿੰਡੀਆਂ ਪਈਆਂ ਲਾਸ਼ਾਂ ਤੇ (ਸੱਜੇ) ਧਮਾਕੇ ਵਿਚ ਮਾਰਿਆ ਗਿਆ ਇਕ ਬਲੈਕ ਕੈਟ ਕਮਾਂਡੋ।

ਚੰਡੀਗੜ੍ਹ, 31 ਅਗਸਤ (ਰਾਕੇਸ਼ ਸੰਘੀ, ਯੂ. ਐੱਨ. ਆਈ., ਭਾਸ਼ਾ)— ਪੰਜਾਬ ਦੇ ਮੁਖ ਮੰਤਰੀ ਸ. ਬੇਅੰਤ ਸਿੰਘ ਅਜ ਚੰਡੀਗੜ੍ਹ ਵਿਚ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਹੋਏ ਇਕ ਜ਼ਬਰਦਸਤ ਬੰਬ ਧਮਾਕੇ ਵਿਚ ਮਾਰੇ ਗਏ। ਧਮਾਕੇ ਵਿਚ ਉਨ੍ਹਾਂ ਦੇ ਲਗਭਗ ਇਕ ਦਰਜਨ ਸੁਰੱਖਿਆ ਮੁਲਾਜ਼ਮ ਵੀ ਮਾਰੇ ਗਏ।

ਬੰਬ ਧਮਾਕਾ ਸ਼ਾਮ 5.10 ਵਜੇ ਹੋਇਆ। ਮੁਖ ਮੰਤਰੀ ਸ. ਬੇਅੰਤ ਸਿੰਘ ਸਕੱਤਰੇਤ ਦੀ ਦੂਜੀ ਮੰਜ਼ਿਲ ਉੱਤੇ ਸਥਿਤ ਆਪਣੇ ਦਫਤਰ ਵਿਚੋਂ ਹੇਠਾਂ ਆ ਕੇ ਵੀ. ਆਈ. ਪੀ. ਗੇਟ ਦੇ ਬਾਹਰ ਆਪਣੀ ਕਾਰ ਵਿਚ ਬੈਠਣ ਹੀ ਲਗੇ ਸਨ ਕਿ ਬੰਬ ਧਮਾਕਾ ਹੋ ਗਿਆ।

ਬੰਬ ਧਮਾਕਾ ਇੰਨਾ ਤਾਕਤਵਰ ਸੀ ਕਿ ਸਿਵਲ ਸਕੱਤਰੇਤ ਦੀ 10 ਮੰਜ਼ਲਾ ਇਮਾਰਤ ਬੁਰੀ ਤਰ੍ਹਾਂ ਹਿਲ ਗਈ। ਇਸ ਦੀਆਂ ਸਾਰੀਆਂ ਮੰਜ਼ਿਲਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁਟ ਗਏ।

ਇਸ ਬੰਬ ਧਮਾਕੇ ਤੋਂ ਡੇਢ ਘੰਟਾ ਬਾਅਦ ਤਕ ਵੀ ਇਹ ਪਤਾ ਨਹੀਂ ਲਗ ਸਕਿਆ ਸੀ ਕਿ ਧਮਾਕੇ ਵਿਚ ਕਿੰਨੇ ਵਿਅਕਤੀਆਂ ਦੀ ਮੌਤ ਹੋਈ ਹੈ। ਸਿਵਲ ਸਕੱਤਰੇਤ ਦੇ ਵੀ. ਆਈ. ਪੀ. ਗੇਟ ਦੇ ਨੇੜੇ-ਤੇੜੇ ਕਈ ਲਾਸ਼ਾਂ ਦੇ ਚੀਥੜੇ ਕਾਫੀ ਦੂਰ ਤਕ ਇਧਰ-ਉਧਰ ਖਿਲਰੇ ਪਏ ਸਨ।

ਮੁਢਲੀਆਂ ਰਿਪੋਰਟਾਂ ਅਨੁਸਾਰ ਇਸ ਤਾਕਤਵਰ ਬੰਬ ਧਮਾਕੇ ਵਿਚ ਮੁਖ ਮੰਤਰੀ ਸ. ਬੇਅੰਤ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਦੋ ਪੀ. ਏ. ਸ੍ਰੀ ਯਸ਼ ਪਾਲ ਬਾਲੀ ਤੇ ਸ੍ਰੀ ਸਵਰਨ ਸਿੰਘ, ਉਨ੍ਹਾਂ ਦੀ ਸੁਰੱਖਿਆ ਨਾਲ ਸੰਬੰਧਤ ਕੁਝ ਬਲੈਕ ਕਮਾਂਡੋਜ਼ ਸਮੇਤ ਕੁਲ ਮਿਲਾ ਕੇ 11 ਵਿਅਕਤੀਆਂ ਦੀ ਮੌਤ ਹੋ ਗਈ ਤੇ ਚਾਰ ਵਿਅਕਤੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਮ੍ਰਿਤਕਾਂ ਵਿਚ ਹਰਿਆਣਾ ਪੁਲਸ ਦਾ ਇਕ ਹੌਲਦਾਰ ਅਜਾਇਬ ਸਿੰਘ ਵੀ ਸ਼ਾਮਲ ਹੈ, ਜਿਹੜਾ ਉਸ ਸਮੇਂ ਵੀ. ਆਈ. ਪੀ. ਗੇਟ ਉੱਤੇ ਡਿਊਟੀ ਦੇ ਰਿਹਾ ਸੀ।

ਅੱਖੀਂ ਦੇਖਣ ਵਾਲਿਆਂ ਅਨੁਸਾਰ ਜਿਉਂ ਹੀ ਸ. ਬੇਅੰਤ ਸਿੰਘ ਨੇ ਆਪਣੀ ਬੁਲਟ ਪਰੂਫ ਐਂਬੈਸਡਰ ਕਾਰ ਨੰਬਰ ਪੀ. ਬੀ.-08, 3069 ਵਿਚ ਚੜ੍ਹਨ ਲਈ ਪੈਰ ਅਗੇ ਵਧਾਇਆ, ਉਸੇ ਸਮੇਂ ਬੰਬ ਧਮਾਕਾ ਹੋ ਗਿਆ ਤੇ ਚਹੁੰ ਪਾਸੀਂ ਹਫੜਾ-ਦਫੜੀ ਮਚ ਗਈ। ਸਕੱਤਰੇਤ ਦੀਆਂ ਸਾਰੀਆਂ ਮੰਜ਼ਿਲਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਚੂਰ-ਚੂਰ ਹੋ ਜਾਣ ਕਾਰਨ ਮੁਲਾਜ਼ਮ ਸਕੱਤਰੇਤ ਵਿਚੋਂ ਬਾਹਰ ਨੂੰ ਭੱਜਣ ਲਗੇ।

ਬੰਬ ਧਮਾਕੇ ਵਿਚ, ਮੁਖ ਮੰਤਰੀ ਦੇ ਅਗੇ ਉਨ੍ਹਾਂ ਦੇ ਕਮਾਂਡੋਜ਼ ਦੀ ਕਾਰ ਨੰਬਰ ਪੀ. ਬੀ.-27, 6516 ਤੇ ਪਿੱਛੇ ਖੜੀ ਸੁਰੱਖਿਆ ਮੁਲਾਜ਼ਮਾਂ ਦੀ ਕਾਰ ਨੰਬਰ ਪੀ. ਬੀ. 27, 6514 ਵੀ ਬੁਰੀ ਤਰ੍ਹਾਂ ਨੁਕਸਾਨੀ ਗਈ।

ਧਮਾਕੇ ਵਿਚ ਸ. ਬੇਅੰਤ ਸਿੰਘ ਦੇ ਸਰੀਰ ਦੇ ਚੀਥੜੇ ਉਡ ਗਏ। ਘਟਨਾ ਸਥਾਨ ਉੱਤੇ ਉਨ੍ਹਾਂ ਦੇ ਅੰਗ ਖਿੰਡਰੇ ਪਏ ਸਨ। ਉਨ੍ਹਾਂ ਦੀ ਪਛਾਣ ਕਰਨੀ ਵੀ ਔਖੀ ਹੋ ਗਈ। ਬੰਬ ਧਮਾਕੇ ਵਿਚ ਸ. ਬੇਅੰਤ ਸਿੰਘ ਦੇ ਮਾਰੇ ਜਾਣ ਦੀ ਪੁਸ਼ਟੀ ਉਨ੍ਹਾਂ ਦੇ ਸਿਰ ਦੇ ਵਾਲਾਂ ਤੋਂ ਕੀਤੀ ਗਈ।

ਉੱਚ ਸੁਰੱਖਿਆ ਜ਼ੋਨ ਵਿਚ ਹੋਏ ਇਸ ਬੰਬ ਧਮਾਕੇ ਨੇ ਆਮ ਜਨਤਾ ਹੀ ਨਹੀਂ ਸਗੋਂ ਉੱਚ ਸਰਕਾਰੀ ਅਧਿਕਾਰੀਆਂ ਨੂੰ ਵੀ ਹੈਰਾਨੀ ਵਿਚ ਪਾ ਦਿਤਾ।

ਪੰਜਾਬ ਦੇ ਡੀ. ਜੀ. ਪੁਲਸ ਸ੍ਰੀ ਕੇ. ਪੀ. ਐੱਸ. ਗਿੱਲ ਵੀ ਇਸ ਬੰਬ ਧਮਾਕੇ ਨੂੰ ਦੇਖ ਕੇ ਦੰਗ ਰਹਿ ਗਏ। ਪੁਲਸ ਦਾ ਖਿਆਲ ਹੈ ਕਿ ਇਹ ਤਾਕਤਵਰ ਬੰਬ ਧਮਾਕਾ ਰਿਮੋਟ ਕੰਟਰੋਲ ਦੀ ਮਦਦ ਨਾਲ ਕੀਤਾ ਗਿਆ ਪਰ ਇਹ ਕਿਸੇ ਦੀ ਸਮਝ ਵਿਚ ਨਹੀਂ ਆ ਰਿਹਾ ਕਿ ਆਖਰ ਬੰਬ ਮੁਖ ਮੰਤਰੀ ਦੀ ਕਾਰ ਵਿਚ ਰੱਖਿਆ ਕਿਵੇਂ ਗਿਆ।

ਵਿਸਫੋਟਕ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਧਮਾਕੇ ਵਿਚ ਆਰ. ਡੀ. ਐਕਸ. ਦੀ ਵਰਤੋਂ ਕੀਤੀ ਗਈ। ਮੁਖ ਮੰਤਰੀ ਦੀ ਕਾਰ ਹਰ ਸਮੇਂ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਰਹਿੰਦੀ ਹੈ। ਇਸ ਦੁਖਾਂਤ ਦੀ ਖਬਰ ਮਿਲਦਿਆਂ ਹੀ ਪੰਜਾਬ ਦੇ ਕਈ ਮੰਤਰੀ ਤਕ ਹੱਕੇ-ਬੱਕੇ ਰਹਿ ਗਏ। ਮੌਕੇ 'ਤੇ ਪਹੁੰਚਦਿਆਂ ਹੀ ਕਈ ਮੰਤਰੀਆਂ ਦੀਆਂ ਅੱਖਾਂ ਭਰ ਆਈਆਂ।

ਧਮਾਕੇ ਤੋਂ ਬਾਅਦ ਪੁਲਸ ਨੇ ਘਟਨਾ ਸਥਾਨ ਨੂੰ ਇਸ ਤਰ੍ਹਾਂ ਘੇਰ ਲਿਆ ਕਿ ਮੰਤਰੀਆਂ ਤਕ ਨੂੰ ਮੁਖ ਮੰਤਰੀ ਦੀ ਲਾਸ਼ ਦੇਖਣ ਲਈ ਅਗੇ ਨਾ ਜਾਣ ਦਿਤਾ ਗਿਆ। ਦੂਰੋਂ ਹੀ ਮੰਤਰੀ ਆਪਸ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਰਹੇ ਕਿ ਉਹ ਤਾਂ ਯਤੀਮ ਹੋ ਗਏ ਹਨ ਤੇ ਪੰਜਾਬ ਬਰਬਾਦ ਹੋ ਗਿਆ ਹੈ।

ਸ੍ਰੀ ਕੇ. ਪੀ. ਐੱਸ. ਗਿੱਲ ਧਮਾਕੇ ਵਾਲੀ ਥਾਂ ਦੀ ਨਿਗਰਾਨੀ ਖੁਦ ਕਰਦੇ ਰਹੇ, ਜਿਥੇ ਕਿ ਲਹੂ, ਲਾਸ਼ਾਂ ਦੇ ਅੰਗ ਤੇ ਕਾਰਾਂ ਦੇ ਸ਼ੀਸ਼ੇ ਖਿਲਰੇ ਪਏ ਸਨ। ਬਹੁਤੀਆਂ ਲਾਸ਼ਾਂ ਬੇਪਛਾਣ ਹੋਈਆਂ ਪਈਆਂ ਸਨ।

ਅੱਖੀਂ ਵੇਖਣ ਵਾਲਿਆਂ ਅਨੁਸਾਰ ਧਮਾਕੇ ਨਾਲ ਕਈ ਕਾਰਾਂ ਨੂੰ ਅੱਗ ਲਗ ਗਈ, ਜਿਨ੍ਹਾਂ ਵਿਚੋਂ ਕਮਾਂਡੋਜ਼ ਨੂੰ ਕੱਢ ਕੇ ਤੇਜ਼ੀ ਨਾਲ ਹਸਪਤਾਲ ਪਹੁੰਚਾਇਆ ਗਿਆ। ਫਾਇਰ ਬ੍ਰਿਗੇਡ ਨੇ ਤੁਰੰਤ ਮੌਕੇ 'ਤੇ ਪੁਜ ਕੇ ਅੱਗ ਬੁਝਾਈ।

ਇਕ ਉੱਚ ਪੁਲਸ ਅਧਿਕਾਰੀ ਨੇ ਦਸਿਆ ਕਿ ਸ. ਬੇਅੰਤ ਸਿੰਘ ਲਈ ਉਪਲਬਧ ਤਿੰਨ ਕਾਰਾਂ ਵਿਚੋਂ ਇਕ ਵਿਚ ਸਭ ਤੋਂ ਖਤਰਨਾਕ ਕਿਸਮ ਦਾ ਆਰ. ਡੀ. ਐਕਸ ਵਿਸਫੋਟਕ ਪੈਕ ਕੀਤਾ ਹੋਇਆ ਸੀ। ਇਸ ਬੁਲਟ ਪਰੂਫ ਕਾਰ ਦੀ ਛੱਤ ਇੰਨੀ ਬੁਰੀ ਤਰ੍ਹਾਂ ਉਡ ਗਈ ਕਿ ਕਾਰ ਦਾ ਹੁਲੀਆ ਹੀ ਬਦਲ ਗਿਆ।

ਮ੍ਰਿਤਕਾਂ ਵਿਚ ਉਹ ਤਿੰਨ ਕਮਾਂਡੋ ਵੀ ਸ਼ਾਮਲ ਹਨ, ਜਿਨ੍ਹਾਂ ਨੇ ਕਿ ਸ. ਬੇਅੰਤ ਸਿੰਘ ਦੀ ਕਾਰ ਕੋਲ ਪੁਜ਼ੀਸ਼ਨਾਂ ਲਈਆਂ ਹੋਈਆਂ ਸਨ। ਡਿਊਟੀ ਦੇ ਰਹੇ ਪੰਜ ਹੋਰ ਸੁਰੱਖਿਆ ਮੁਲਾਜ਼ਮ ਵੀ ਮਾਰੇ ਗਏ। 'ਭਾਸ਼ਾ' ਅਨੁਸਾਰ ਮ੍ਰਿਤਕਾਂ ਵਿਚ ਆਮ ਨਾਗਰਿਕ ਵੀ ਸ਼ਾਮਲ ਹਨ। ਧਮਾਕੇ ਨਾਲ ਕਾਲੇ ਧੂੰਏਂ ਦਾ ਇਕ ਬਹੁਤ ਵੱਡਾ ਗੋਲਾ ਉਠਿਆ ਤੇ ਸਕੱਤਰੇਤ ਦੇ ਉਪਰੋਂ ਕੁਝ ਵੀ ਦਿਖਾਈ ਦੇਣਾ ਬੰਦ ਹੋ ਗਿਆ। ਇਹ ਧੂੰਆਂ ਪੌੜੀਆਂ ਵਿਚ ਆਣ ਵੜਿਆ ਤੇ ਸਰਕਾਰੀ ਮੁਲਾਜ਼ਮ ਇਧਰ-ਉਧਰ ਦੌੜਨ ਲਗੇ।

ਸਿਵਲ ਸਕੱਤਰੇਤ ਵਿਖੇ ਇਹ ਦੂਜਾ ਬੰਬ ਧਮਾਕਾ ਹੈ ਜਦ ਕਿ ਪਹਿਲਾ ਬੰਬ ਧਮਾਕਾ ਤਿੰਨ ਸਾਲ ਪਹਿਲਾਂ, ਪੰਜਾਬ ਦੇ ਮੁਖ ਮੰਤਰੀ ਦੇ ਦਫਤਰ ਨੇੜੇ ਸਥਿਤ ਸਾਈਕਲ ਸਟੈਂਡ ਵਿਚ ਹੋਇਆ ਸੀ।

ਮਾਸ ਦੇ ਲੋਥੜੇ 100 ਫੁੱਟ ਦੇ ਘੇਰੇ ਤਕ ਖਿਲਰੇ ਹੋਏ ਸਨ ਤੇ ਇਹ ਰੌਂਗਟੇ ਖੜੇ ਕਰ ਦੇਣ ਵਾਲਾ ਦ੍ਰਿਸ਼ ਸੀ। ਕਮਾਂਡੋਜ਼ ਤੇ ਸੁਰੱਖਿਆ ਮੁਲਾਜ਼ਮਾਂ ਦੀਆਂ 9 ਲਾਸ਼ਾਂ ਪੋਰਚ ਨੇੜੇ ਖਿਲਰੀਆਂ ਪਈਆਂ ਸਨ ਤੇ ਧਮਾਕੇ ਵਿਚ ਉਨ੍ਹਾਂ ਦਾ ਮਾਸ ਸੜਿਆ ਹੋਇਆ ਸੀ। ਸਕੱਤਰੇਤ ਦੀ ਅੱਠਵੀਂ ਮੰਜ਼ਿਲ ਤਕ ਖਿੜਕੀਆਂ ਦੇ ਸ਼ੀਸ਼ੇ ਟੁਟ ਗਏ ਤੇ ਕੁਝ ਕਲਾਕ ਵੀ ਰੁਕ ਗਏ। ਇਹ ਕਲਾਕ 5 ਵਜ ਕੇ 13 ਮਿੰਟ ਉੱਤੇ ਰੁਕੇ ਹੋਏ ਹਨ। ਜਿਸ ਤੋਂ ਧਮਾਕੇ ਦੇ ਸਮੇਂ ਦਾ ਪਤਾ ਲਗਦਾ ਹੈ।

ਕਾਫੀ ਸਮੇਂ ਤਕ ਪੁਲਸ ਨੇ ਘਟਨਾ ਸਥਾਨ ਨੂੰ ਘੇਰੇ ਵਿਚ ਨਾ ਲਿਆ, ਕਿਉਂਕਿ ਸਥਿਤੀ ਅਤਿਅੰਤ ਉਲਝਾਅ ਭਰੀ ਬਣੀ ਹੋਈ ਸੀ।

'ਭਾਸ਼ਾ' ਅਨੁਸਾਰ ਇਹ ਬੰਬ ਧਮਾਕਾ ਕਾਰ ਬੰਬ ਧਮਾਕੇ ਦੇ ਰੂਪ ਵਿਚ ਹੋਇਆ। ਪੋਰਚ ਵਿਚ ਕਮਾਂਡੋਜ਼ ਦੀਆਂ ਤੇਜ਼ ਘੋਖਵੀਆਂ ਨਜ਼ਰਾਂ ਹੇਠ ਖੜੀਆਂ ਤਿੰਨ ਵੀ. ਆਈ. ਪੀ. ਕਾਰਾਂ ਦੇ ਕੋਲ ਖੜੀ ਇਕ ਪੰਜਾਬ ਸਰਕਾਰ ਦੀ ਕਾਰ ਵਿਚ ਬੰਬ ਰੱਖਿਆ ਗਿਆ ਸੀ। ਇਸ ਦਾ ਡਰਾਈਵਰ ਇਸ ਨੂੰ ਉਥੇ ਖੜੀ ਕਰ ਕੇ ਤੁਰ ਗਿਆ।

ਦਿੱਲੀ ਵਿਚ ਭਾਰੀ ਚੌਕਸੀ : ਚੰਡੀਗੜ੍ਹ ਵਿਚ ਹੋਏ ਉਕਤ ਬੰਬ ਧਮਾਕੇ ਕਾਰਨ ਰਾਜਧਾਨੀ ਦਿੱਲੀ ਵਿਚ ਭਾਰੀ ਚੌਕਸੀ ਦਾ ਹੁਕਮ ਦਿਤਾ ਗਿਆ ਹੈ। ਦਿੱਲੀ ਪੁਲਸ ਨੂੰ ਵਧ ਤੋਂ ਵਧ ਚੌਕਸੀ ਵਰਤਣ ਲਈ ਕਿਹਾ ਗਿਆ ਹੈ। ਦਿੱਲੀ ਦੇ ਪੁਲਸ ਕਮਿਸ਼ਨਰ ਸ੍ਰੀ ਨਿਖਿਲ ਕੁਮਾਰ ਨੇ ਕਿਹਾ ਕਿ "ਅਸੀਂ ਚੌਕਸ ਹੋ ਗਏ ਹਾਂ।" ਉਨ੍ਹਾਂ ਨੂੰ ਪੁਛਿਆ ਗਿਆ ਸੀ ਕਿ ਚੰਡੀਗੜ੍ਹ ਵਾਲੇ ਧਮਾਕੇ ਨੂੰ ਦੇਖਦਿਆਂ ਉਨ੍ਹਾਂ ਨੇ ਕੀ ਕਦਮ ਚੁੱਕੇ ਹਨ। ਉੱਚ ਪੁਲਸ ਅਧਿਕਾਰੀਆਂ ਨੇ ਮੀਟਿੰਗ ਕਰ ਕੇ ਰਾਜਧਾਨੀ ਦੀ ਸਥਿਤੀ ਦਾ ਜਾਇਜ਼ਾ ਲਿਆ ਤੇ ਸੁਰੱਖਿਆ ਪ੍ਰਬੰਧ ਸਖਤ ਕਰ ਦਿਤੇ।

ਉੱਤਰੀ ਭਾਰਤ ਵਿਚ ਰੈੱਡ ਅਲਰਟ : ਬੰਬ ਧਮਾਕੇ ਤੋਂ ਬਾਅਦ ਪੰਜਾਬ, ਹਰਿਆਣਾ ਤੇ ਕੇਂਦਰੀ ਇਲਾਕਾ ਚੰਡੀਗੜ੍ਹ ਵਿਚ ਰੈੱਡ ਅਲਰਟ ਜਾਰੀ ਕਰ ਦਿਤਾ ਗਿਆ ਹੈ। ਚੰਡੀਗੜ੍ਹ ਪੁਲਸ ਨੇ ਸ਼ਹਿਰ ਵਿਚੋਂ ਬਾਹਰ ਨਿਕਲਣ ਦੇ ਸਾਰੇ ਰਾਹ ਸੀਲ ਕਰ ਦਿਤੇ ਤਾਂ ਜੋ ਬੰਬ ਧਮਾਕਾ ਕਰਨ ਵਾਲੇ ਅੱਤਵਾਦੀ ਬਚ ਕੇ ਨਾ ਨਿਕਲ ਸਕਣ। ਕੇਂਦਰੀ ਇਲਾਕਾ ਚੰਡੀਗੜ੍ਹ ਵਿਚ ਕਈ ਨਾਕੇ ਲਾ ਦਿਤੇ ਗਏ ਤੇ ਮੋਟਰ ਗੱਡੀਆਂ ਦੀ ਤਲਾਸ਼ੀ ਵੀ ਸ਼ੁਰੂ ਕਰ ਦਿਤੀ ਗਈ। ਦੋਵਾਂ ਸੂਬਿਆਂ ਅਤੇ ਚੰਡੀਗੜ੍ਹ ਵਿਚ ਗਸ਼ਤ ਤੇਜ਼ ਕਰ ਦਿਤੀ ਗਈ ਹੈ। ਮੁਖ ਮੰਤਰੀ ਦੇ ਜੱਦੀ ਜ਼ਿਲੇ ਲੁਧਿਆਣਾ ਵਿਚ ਵੀ ਸੁਰੱਖਿਆ ਪ੍ਰਬੰਧ ਵੱਧ ਤੋਂ ਵੱਧ ਸਖਤ ਕਰ ਦਿਤੇ ਗਏ ਹਨ।

ਵਿਧਾਇਕ ਵੀ ਜ਼ਖਮੀ : ਚੰਡੀਗੜ੍ਹ ਦੇ ਜਨਰਲ ਹਸਪਤਾਲ ਤੇ ਪੀ. ਜੀ. ਆਈ. ਤੋਂ ਮਿਲੀ ਸੂਚਨਾ ਅਨੁਸਾਰ ਬੰਬ ਧਮਾਕੇ ਵਿਚ ਕੁਲ ਮਿਲਾ ਕੇ 19 ਵਿਅਕਤੀ ਜ਼ਖਮੀ ਹੋਏ, ਜਿਨ੍ਹਾਂ ਵਿਚ ਬਠਿੰਡਾ ਦੇ ਵਿਧਾਇਕ ਸ੍ਰੀ ਬਲਦੇਵ ਸਿੰਘ ਵੀ ਸ਼ਾਮਲ ਹਨ। ਹੋਰ ਜ਼ਖਮੀਆਂ ਵਿਚ ਸਿਵਲ ਸਕੱਤਰੇਤ ਦੇ ਵੀ. ਆਈ. ਪੀ. ਗੇਟ ਉੱਤੇ ਤਾਇਨਾਤ ਹਰਿਆਣਾ ਪੁਲਸ ਦਾ ਸਿਪਾਹੀ ਪਾਲਾ ਰਾਮ, ਗੇਟ ਕੀਪਰ ਤੋਤਾ ਰਾਮ, ਮੁਖ ਮੰਤਰੀ ਦੀ ਸੁਰੱਖਿਆ ਦੇ ਸੀ. ਆਰ. ਪੀ. ਨਾਲ ਸੰਬੰਧਤ ਐੱਸ. ਪੀ. ਸ੍ਰੀ ਡੀ. ਕੇ. ਤ੍ਰਿਪਾਠੀ ਸੁਰੱਖਿਆ ਗਾਰਡ ਧਨਵੰਤ ਸਿੰਘ ਤੇ ਇਕ ਅਣਪਛਾਤਾ ਵਿਅਕਤੀ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਤਿੰਨ ਹੋਰ ਵਿਅਕਤੀ ਪੰਜਾਬ ਪੁਲਸ ਦੇ ਏ. ਐੱਸ. ਆਈ. ਮੁਖਤਿਆਰ ਸਿੰਘ, ਹਰਿਆਣਾ ਪੁਲਸ ਦੇ ਹੌਲਦਾਰ ਅਜਾਇਬ ਸਿੰਘ ਤੇ ਇਕ ਪੀ. ਐੱਸ. ਓ. ਚਮਕੌਰ ਸਾਹਿਬ ਨੂੰ ਵੀ ਪੀ. ਜੀ. ਆਈ. ਲਿਆਂਦਾ ਗਿਆ ਪਰ ਹਸਪਤਾਲ ਪੁਜਣ ਤਕ ਉਨ੍ਹਾਂ ਦੀ ਮੌਤ ਹੋ ਚੁਕੀ ਸੀ।

ਬੰਬ ਧਮਾਕੇ ਵਿਚ ਜ਼ਖਮੀ ਜਿਨ੍ਹਾਂ 13 ਵਿਅਕਤੀਆਂ ਨੂੰ ਜਨਰਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ, ਉਨ੍ਹਾਂ ਵਿਚ ਅਜਾਇਬ ਸਿੰਘ, ਜੋਗਿੰਦਰ ਸਿੰਘ, ਹੌਲਦਾਰ ਮਨਮੋਹਨ ਸਿੰਘ, ਵਿਰੇਂਦਰ ਰਾਣਾ, ਉਪਕਾਰ, ਮਨਜੋਤ ਸਿੰਘ, ਕੁਲਦੀਪ ਸਿੰਘ, ਕੇਸਰ ਸਿੰਘ, ਸਤਿੰਦਰ ਸਿੰਘ, ਕੁਲਵੰਤ ਸਿੰਘ, ਦੁਰਗਾ ਦਾਸ, ਬਲਬੀਰ ਸਿੰਘ ਤੇ ਮਹਾਵੀਰ ਪ੍ਰਸਾਦ ਸ਼ਾਮਲ ਹਨ। ਪੀ. ਜੀ. ਆਈ. ਵਿਚ ਇਲਾਜ ਅਧੀਨ ਸਾਰੇ 6 ਵਿਅਕਤੀਆਂ ਦੀ ਹਾਲਤ ਚਿੰਤਾਜਨਕ ਦੱਸੀ ਜਾਂਦੀ ਹੈ। ਇਹ ਵੀ ਪਤਾ ਲੱਗਾ ਹੈ ਕਿ ਬੰਬ ਧਮਾਕੇ ਕਾਰਨ ਸ. ਬੇਅੰਤ ਸਿੰਘ ਦੀ ਸੁਰੱਖਿਆ ਨਾਲ ਸੰਬੰਧਤ ਦੋ ਬਲੈਕ ਕਮਾਂਡੋਜ਼ ਦੇ ਕੰਨਾਂ ਦੇ ਪਰਦੇ ਫਟ ਗਏ। ਪੰਜਾਬ ਦੇ ਰਾਜਪਾਲ ਸ੍ਰੀ ਬੀ. ਕੇ. ਐੱਨ. ਛਿੱਬਰ ਘਟਨਾ ਸਥਾਨ 'ਤੇ ਪੁਜੇ ਤੇ ਸਥਿਤੀ ਦੇਖੀ।

ਸੁਰਜੀਤ ਸਿੰਘ ਬਰਨਾਲਾ—ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਸ੍ਰੀ ਬੇਅੰਤ ਸਿੰਘ ਦੀ ਹੱਤਿਆ 'ਤੇ ਦੁੱਖ ਪ੍ਰਗਟ ਕੀਤਾ ਹੈ।

ਚੰਦਰ ਸ਼ੇਖਰ : ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ ਇਸਨੂੰ ਬਹੁਤ ਮੰਦਭਾਗੀ ਘਟਨਾ ਦੱਸਦਿਆਂ ਕਿਹਾ ਕਿ ਹਿੰਸਾ ਤੇ ਬਦਲੇ ਦੀ ਭਾਵਨਾ ਦੇ ਕਾਰਨ ਦੇਸ਼ ਨੂੰ ਹੋਰ ਕਿੰਨੇ ਮਾੜੇ ਦਿਨ ਦੇਖਣੇ ਪੈਣਗੇ, ਇਹ ਕਹਿਣਾ ਔਖਾ ਹੈ।

ਸੀ. ਪੀ. ਆਈ. : ਸ੍ਰੀ ਬੇਅੰਤ ਸਿੰਘ ਦੀ ਹੱਤਿਆ ਦੀ

(ਬਾਕੀ ਸਫਾ 8 'ਤੇ)

ਰਾਓ, ਅੰਤਮ ਸੰਸਕਾਰ ਸਮੇਂ ਪੁੱਜਣਗੇ ?

ਨਵੀਂ ਦਿੱਲੀ, 31 ਅਗਸਤ (ਭਾਸ਼ਾ)—ਪੰਜਾਬ ਦੇ ਮੁਖ ਮੰਤਰੀ ਸ੍ਰੀ ਬੇਅੰਤ ਸਿੰਘ ਦੇ ਸ਼ਨੀਵਾਰ ਨੂੰ ਲੁਧਿਆਣਾ ਜ਼ਿਲੇ ਵਿਚ ਪਿੰਡ ਬਿਲਾਸਪੁਰ ਵਿਚ ਅੰਤਮ ਸੰਸਕਾਰ ਸਮੇਂ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਵੀ ਸ਼ਾਮਲ ਹੋ ਸਕਦੇ ਹਨ। ਇਹ ਜਾਣਕਾਰੀ ਸਰਕਾਰੀ ਸੂਤਰਾਂ ਨੇ ਦਿਤੀ ਹੈ।

ਬਾਜਵਾ ਵਲੋਂ ਦੁਖ ਪ੍ਰਗਟ : ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਪ੍ਰਤਾਪ ਸਿੰਘ ਬਾਜਵਾ ਨੇ ਸ੍ਰੀ ਬੇਅੰਤ ਸਿੰਘ ਦੀ ਮੌਤ 'ਤੇ ਦੁਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਨਾਲ ਪੰਜਾਬ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਹੈ ਕਿ ਸ੍ਰੀ ਬੇਅੰਤ ਸਿੰਘ ਨੇ ਹਰ ਵਰਗ ਦੇ ਲੋਕਾਂ ਦੇ ਭਲੇ ਹਿਤ ਕਦਮ ਚੁਕੇ, ਜਿਨ੍ਹਾਂ ਨੂੰ ਦੇਰ ਤਕ ਯਾਦ ਕੀਤਾ ਜਾਂਦਾ ਰਹੇਗਾ।

ਬੱਬਰ ਖਾਲਸਾ ਨੇ ਜ਼ਿੰਮੇਵਾਰੀ ਲਈ

ਜਲੰਧਰ, 31 ਅਗਸਤ—ਪੰਜਾਬ ਦੇ ਮੁਖ ਮੰਤਰੀ ਸ. ਬੇਅੰਤ ਸਿੰਘ ਨੂੰ ਚੰਡੀਗੜ੍ਹ ਵਿਚ ਬੰਬ ਧਮਾਕੇ ਵਿਚ ਮਾਰਨ ਦੀ ਜ਼ਿੰਮੇਵਾਰੀ ਬੱਬਰ ਖਾਲਸਾ ਇੰਟਰਨੈਸ਼ਨਲ ਨੇ ਲਈ ਹੈ। ਇਸ ਦੇ ਮੁਖੀ ਵਧਾਵਾ ਸਿੰਘ ਦੇ ਦਸਤਖਤਾਂ ਵਾਲੇ ਬਿਆਨ ਦੀ ਹਿੰਦ ਸਮਾਚਾਰ ਪੱਤਰ ਸਮੂਹ ਦੇ ਦਫਤਰ ਵਿਚ ਪੁਜੀ ਫੈਕਸ ਵਿਚ ਕਿਹਾ ਗਿਆ ਹੈ, "ਸਿੱਖ ਕੌਮ ਨਾਲ ਜਿਹੜੀ ਦੁਸ਼ਮਣੀ ਇਸ ਨੇ ਕੀਤੀ ਸੀ ਉਸ ਨਾਲ ਦੁਸ਼ਟਾਂ ਦੀ ਲਿਸਟ ਦੇ ਇਹ ਪਹਿਲੇ ਨੰਬਰ 'ਤੇ ਆ ਗਿਆ ਸੀ। ਇਸ ਕਰ ਕੇ ਇਸ ਨੂੰ ਇਹ ਸਜ਼ਾਏ ਮੌਤ ਦੇਣੀ ਪਈ।"



BABBAR KHALSA
INTERNATIONAL

ਫੈਕਸ ਦੀ ਫੋਟੋ ਕਾਪੀ

ਹਰਿਆਣਾ ਵਿਚ ਆਏ ਹੜ੍ਹ ਨਾਲ ਮੌਤਾਂ ਦੀ ਗਿਣਤੀ 22 ਹੋਈ

ਚੰਡੀਗੜ੍ਹ, 31 ਅਗਸਤ (ਰਾਕੇਸ਼ ਸੰਘੀ)— ਹਰਿਆਣਾ ਵਿਚ ਪਿਛਲੇ ਕੁਝ ਦਿਨਾਂ ਤੋਂ ਪੈ ਰਹੇ ਭਾਰੇ ਮੀਂਹ ਨਾਲ ਕਈ ਜ਼ਿਲਿਆਂ ਵਿਚ ਹੜ੍ਹ ਆ ਗਿਆ ਹੈ ਅਤੇ ਇਸ ਨਾਲ ਹੁਣ ਤਕ 22 ਵਿਅਕਤੀ ਮਾਰੇ ਜਾ ਚੁੱਕੇ ਹਨ।

ਇਹ ਜਾਣਕਾਰੀ ਦਿੰਦਿਆਂ ਹੋਇਆਂ ਅੱਜ ਇਥੇ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਹਰਿਆਣਾ ਵਿਚ ਸਭ ਤੋਂ ਜ਼ਿਆਦਾ ਅਰਥਾਤ 11 ਵਿਅਕਤੀਆਂ ਦੀ ਮੌਤ ਜ਼ਿਲਾ ਅੰਬਾਲਾ ਵਿਚ, 5 ਦੀ ਮੌਤ ਜ਼ਿਲਾ ਰੋਹਤਕ ਵਿਚ ਅਤੇ 2 ਦੀ ਮੌਤ ਜ਼ਿਲਾ ਕਰਨਾਲ ਵਿਚ ਹੋ ਚੁੱਕੀ ਹੈ, ਜਦੋਂ ਕਿ ਜ਼ਿਲਾ ਕੈਥਲ, ਯਮੁਨਾਨਗਰ, ਜੀਂਦ ਅਤੇ ਸਿਰਸਾ ਵਿਚ ਇਕ-ਇਕ ਵਿਅਕਤੀ ਦੀ ਮੌਤ ਹੋ ਚੁੱਕੀ ਹੈ। ਬੁਲਾਰੇ ਨੇ ਦੱਸਿਆ ਕਿ ਇਸ ਹੜ੍ਹ ਨਾਲ ਸਭ ਤੋਂ ਜ਼ਿਆਦਾ ਨੁਕਸਾਨ ਜ਼ਿਲਾ ਰੋਹਤਕ ਦਾ ਹੋਇਆ ਹੈ, ਜਿਥੇ ਜ਼ਿਲਾ ਪ੍ਰਸ਼ਾਸਨ ਨੇ ਝੱਜਰ ਤਕ ਨੂੰ ਖ਼ਬਰਦਾਰ ਕੀਤਾ ਹੋਇਆ ਹੈ। ਬੁਲਾਰੇ ਨੇ ਦੱਸਿਆ ਕਿ ਜ਼ਿਲਾ ਰੋਹਤਕ ਵਿਚ ਹੜ੍ਹ ਨਾਲ 5 ਪਸ਼ੂ ਵੀ ਮਾਰੇ ਜਾ ਚੁੱਕੇ ਹਨ।

ਸੂਬਾਈ ਸਰਕਾਰ ਵੱਲੋਂ ਇਥੇ ਕਾਇਮ ਕੀਤੇ ਗਏ ਹੜ੍ਹ ਕੰਟਰੋਲ ਰੂਮ ਤੋਂ ਮਿਲੀਆਂ ਸੂਚਨਾਵਾਂ ਅਨੁਸਾਰ ਇਸ ਹੜ੍ਹ ਨਾਲ ਸੂਬੇ ਦੇ ਲਗਭਗ 135 ਪਿੰਡ ਪ੍ਰਭਾਵਤ ਹੋਏ ਹਨ, ਜਿਨ੍ਹਾਂ ਵਿਚੋਂ 101 ਪਿੰਡ ਜ਼ਿਲਾ ਰੋਹਤਕ ਦੇ ਹਨ। ਇਸ ਹੜ੍ਹ ਨਾਲ ਸੂਬੇ ਦਾ 1.02 ਲੱਖ ਏਕੜ ਰਕਬਾ ਪ੍ਰਭਾਵਤ ਹੋਇਆ ਹੈ, ਜਿਸ ਵਿਚ 76 ਹਜ਼ਾਰ ਏਕੜ ਜ਼ਮੀਨ ਕਾਸ਼ਤ ਦੀ ਹੈ। ਹੜ੍ਹ ਨਾਲ ਹੁਣ ਤਕ 2915 ਮਕਾਨ ਨੁਕਸਾਨੇ ਗਏ ਹਨ ਅਤੇ 3.24 ਲੱਖ ਲੋਕ ਪ੍ਰਭਾਵਤ ਹੋਏ ਹਨ।

ਬੁਲਾਰੇ ਨੇ ਦੱਸਿਆ ਕਿ ਜ਼ਿਲਾ ਕਰਨਾਲ ਵਿਚ 225, ਅੰਬਾਲਾ ਵਿਚ 50 ਅਤੇ ਯਮੁਨਾਨਗਰ ਵਿਚ 40 ਮਕਾਨਾਂ ਨੂੰ ਨੁਕਸਾਨ ਪਹੁੰਚਾ ਹੈ। ਜ਼ਿਲਾ ਕਰਨਾਲ ਵਿਚ 7 ਹਜ਼ਾਰ ਲੋਕ ਹੜ੍ਹ ਤੋਂ ਪ੍ਰਭਾਵਤ ਹਨ। ਰੋਹਤਕ ਵਿਚ 4 ਤੋਂ 6 ਫੁੱਟ ਤਕ ਖੜੇ ਪਾਣੀ ਨੂੰ ਕੱਢਣ ਲਈ ਜ਼ਿਲਾ ਪ੍ਰਸ਼ਾਸਨ ਨੂੰ ਕਈ ਪੰਪਿੰਗ ਸੈੱਟ ਲਾਉਣ ਤੋਂ ਇਲਾਵਾ ਲੋਕਾਂ ਨੂੰ ਸੁਰੱਖਿਆ ਟਿਕਾਣਿਆਂ 'ਤੇ ਪਹੁੰਚਾਉਣ ਲਈ ਵੀ ਹੋਰ ਕਿਸ਼ਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਬੁਲਾਰੇ ਅਨੁਸਾਰ ਰੋਹਤਕ ਦੇ ਡੀ. ਸੀ. ਨੂੰ ਰਾਹਤ ਦੇ ਕੰਮਾਂ ਵਿਚ ਤੇਜ਼ੀ ਲਿਆਉਣ ਲਈ 42.50 ਲੱਖ ਰੁਪਏ ਹੋਰ ਦਿੱਤੇ ਗਏ ਹਨ।

ਅੰਬਾਲਾ ਛਾਉਣੀ ਤੋਂ 'ਸ਼ਰਮਾ, ਕੋਹਲੀ ਰਵੀ' ਅਨੁਸਾਰ ਲਗਭਗ 22 ਘੰਟੇ ਬਾਰਿਸ਼ ਬੰਦ ਹੋਣ ਤੋਂ ਬਾਅਦ ਅੱਜ ਦੁਪਹਿਰੇ ਲਗਭਗ 1 ਵਜੇ ਤੋਂ ਇਥੇ ਮੀਂਹ ਪੈਣਾ ਸ਼ੁਰੂ ਹੋਣ ਨਾਲ ਲੋਕਾਂ ਵਿਚ ਡਰ ਫੈਲ ਗਿਆ ਹੈ। ਇਥੇ ਦੱਸਣਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਹੋ ਰਹੀ ਬਾਰਿਸ਼ ਨਾਲ ਇਥੋਂ ਦੀਆਂ ਬਹੁਤ ਸਾਰੀਆਂ ਕਾਲੋਨੀਆਂ ਵਿਚ ਅਜੇ ਵੀ ਹੜ੍ਹ ਦਾ ਬਹੁਤ ਸਾਰਾ ਪਾਣੀ ਖੜਾ ਹੈ ਅਤੇ ਕਈ ਪਰਿਵਾਰ ਇਸ ਪਾਣੀ ਵਿਚ ਫਸੇ ਹੋਏ ਹਨ। ਇਨ੍ਹਾਂ ਲੋਕਾਂ ਨੂੰ ਹੜ੍ਹ ਵਿਚੋਂ ਕੱਢ ਕੇ ਸੁਰੱਖਿਅਤ ਟਿਕਾਣਿਆਂ 'ਤੇ ਪਹੁੰਚਾਉਣ ਲਈ ਸਰਕਾਰੀ ਅਤੇ ਗੈਰਸਰਕਾਰੀ ਸੰਸਥਾਵਾਂ ਵੱਲੋਂ ਯਤਨ ਕੀਤੇ ਜਾ ਰਹੇ ਹਨ।

ਸ਼ਹਿਰ ਵਿਚ ਮਹੇਸ਼ ਨਗਰ, ਅਜੀਤ ਨਗਰ, ਰਾਮ ਨਗਰ, ਆਰੀਆ ਨਗਰ, ਕਬੀਰ ਨਗਰ, ਅਗਰਸੈਨ ਨਗਰ, ਜੈਨ ਨਗਰ, ਸ਼ਿਵ ਪੁਰੀ, ਰਾਮ ਕਿਸ਼ਨ ਕਾਲੋਨੀ, ਹਾਊਸਿੰਗ ਬੋਰਡ ਕਾਲੋਨੀ, ਰਾਮ ਬਾਗ ਰੋਡ ਅਤੇ 12 ਕਰਾਸ ਰੋਡ ਇਲਾਕਿਆਂ ਵਿਚ ਅਜੇ ਵੀ ਮੀਂਹ ਦਾ ਪਾਣੀ ਖੜਾ ਹੋਣ ਨਾਲ ਲੋਕ ਪ੍ਰੇਸ਼ਾਨ ਹਨ।

ਕੈਥਲ ਤੋਂ 'ਪਰਾਸ਼ਰ' ਅਨੁਸਾਰ ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਂਹ ਦੇ ਕਾਰਨ ਘੱਗਰ ਨਦੀ ਵਿਚ ਪਾਣੀ ਚੜ੍ਹ ਜਾਣ ਨਾਲ ਆਲੇ-ਦੁਆਲੇ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਛਾਈ ਹੋਈ ਹੈ। ਬੁੱਧਵਾਰ ਸ਼ਾਮ ਨੂੰ 6 ਵਜੇ ਘੱਗਰ ਨਦੀ ਵਿਚ ਪਾਣੀ ਦੀ ਡੂੰਘਾਈ 22 ਫੁੱਟ ਸੀ। ਘੱਗਰ ਦੇ ਪੁਲ 'ਤੇ ਖੜੇ ਸੈਂਕੜੇ ਲੋਕਾਂ ਨੇ ਦੱਸਿਆ ਕਿ ਜੇ ਬਾਰਿਸ਼ ਨਾ ਹਟੀ ਤਾਂ ਘੱਗਰ ਦਾ ਪਾਣੀ ਹੋਰ ਚੜ੍ਹ ਸਕਦਾ ਹੈ ਤੇ ਫਿਰ ਕਿਸੇ ਵੀ ਹਾਲਤ ਵਿਚ ਹੜ੍ਹ ਨੂੰ ਰੋਕਿਆ ਜਾ ਸਕਦਾ।

ਕੁਰੂਕਸ਼ੇਤਰ ਤੋਂ 'ਨੰਨਾ ਤੇ ਫਮੀਜਾ' ਅਨੁਸਾਰ ਇਸ ਜ਼ਿਲੇ ਦੇ ਪਿੰਡ ਸਦੇਲ ਵਿਚ ਮੀਂਹ ਦੇ ਪਾਣੀ ਵਿਚ

(ਬਾਕੀ ਸਫਾ 8 'ਤੇ)

ਪੰਜਾਬ ਦੇ ਰਾਜਪਾਲ ਸ੍ਰੀ ਬੀ. ਕੇ. ਐੱਨ. ਛਿੱਬਰ ਵੀਰਵਾਰ ਨੂੰ ਚੰਡੀਗੜ੍ਹ ਵਿਚ ਸ੍ਰੀ ਹਰਚਰਨ ਸਿੰਘ ਬਰਾੜ ਨੂੰ ਅੰਤਰਿਮ ਮੁਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਉਂਦੇ ਹੋਏ।

ਹਰਚਰਨ ਸਿੰਘ ਬਰਾੜ ਅੰਤਰਿਮ ਮੁਖ ਮੰਤਰੀ

ਚੰਡੀਗੜ੍ਹ, 31 ਅਗਸਤ (ਐੱਨ. ਐੱਸ. ਪਰਵਾਨਾ)—ਹਰਚਰਨ ਸਿੰਘ ਬਰਾੜ ਪੰਜਾਬ ਦੇ ਅੰਤਰਿਮ ਮੁਖ ਮੰਤਰੀ ਬਣ ਗਏ ਹਨ। ਅੱਜ ਰਾਤੀਂ ਇਥੇ ਪੰਜਾਬ ਰਾਜ ਭਵਨ ਵਿਚ ਰਾਜਪਾਲ ਸ੍ਰੀ ਬੀ. ਕੇ. ਐੱਨ. ਛਿੱਬਰ ਨੇ ਸ੍ਰੀ ਬਰਾੜ ਨੂੰ ਮੁਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ।

ਸ੍ਰੀ ਬਰਾੜ ਨੇ ਸ੍ਰੀ ਬੇਅੰਤ ਸਿੰਘ, ਜਿਨ੍ਹਾਂ ਦੀ ਅੱਜ ਸ਼ਾਮੀਂ ਇਥੇ ਸਿਵਲ ਸਕੱਤਰੇਤ ਪੰਜਾਬ ਦੇ ਵੀ. ਵੀ. ਆਈ. ਪੀ. ਗੇਟ 'ਤੇ ਬੰਬ ਧਮਾਕੇ ਵਿਚ ਮੌਤ ਹੋ ਗਈ ਸੀ, ਦੀ ਥਾਂ ਲੈ ਲਈ ਹੈ। ਸ੍ਰੀ ਬਰਾੜ, ਸ. ਬੇਅੰ[illegible] ਦੇ ਮੰਤਰੀ ਮੰਡਲ ਵਿਚ ਦੂਜੇ ਸਥਾਨ 'ਤੇ ਸ[illegible] ਅੰਗਰੇਜ਼ੀ ਵਿਚ ਚੁਕੀ।

ਸਹੁੰ ਚੁਕਾਉਣ ਦੇ ਮੌਕੇ 'ਤੇ ਉ[illegible] ਦੇ ਚਿਹਰੇ ਗ਼ਮਗੀਨ ਨਜ਼ਰ ਆ ਰਹੇ [illegible] ਸ. ਬੇਅੰਤ ਸਿੰਘ ਦੀ ਮੰਤਰੀ ਪ੍ਰੀਸ਼ਦ ਦੇ ਦੋ ਮੈਂਬਰ ਕਰਮ ਸਿੰਘ ਗਿੱਲ ਅਤੇ ਮਹਿੰਦਰ ਸਿੰਘ ਕੇਪੀ ਹਾਜ਼ਰ ਸਨ।

ਇਸ ਸਾਦਾ ਸਮਾਰੋਹ ਵਿਚ ਪੰਜਾਬ ਦੇ ਮੁਖ ਸਕੱਤਰ ਸ. ਅਮਰੀਕ ਸਿੰਘ ਪੂਨੀ ਨੇ ਭਰੇ ਹੋਏ ਦਿਲ ਨਾਲ ਦਸਿਆ ਕਿ ਸ. ਬੇਅੰਤ ਸਿੰਘ ਦਾ ਅੱਜ ਇਥੇ ਦਿਹਾਂਤ ਹੋ ਗਿਆ ਹੈ ਤੇ ਉਨ੍ਹਾਂ ਦੀ ਥਾਂ, ਸਭ ਨਾਲੋਂ ਸੀਨੀਅਰ ਮੰਤਰੀ ਸ੍ਰੀ ਹਰਚਰਨ ਸਿੰਘ ਨੂੰ ਅੰਤਰਿਮ ਮੁਖ ਮੰਤਰੀ ਬਣਾਇਆ ਗਿਆ ਹੈ।

ਇਸ ਮੌਕੇ 'ਤੇ, ਬੇਅੰਤ ਸਿੰਘ ਮੰਤਰੀ ਮੰਡਲ ਵਿਚ [illegible] ਮੰਤਰੀ ਕਰਮ ਸਿੰਘ ਗਿੱਲ ਨੇ, ਸ੍ਰੀ ਬਰਾੜ ਵਲੋਂ ਸਹੁੰ [illegible] ਤੋਂ ਪਹਿਲਾਂ ਰਾਜਪਾਲ ਨੂੰ ਕਿਹਾ ਕਿ ਕੋਈ ਹੋਰ [illegible] ਇਸ ਮੌਕੇ 'ਤੇ ਮੌਜੂਦ ਨਹੀਂ ਹੈ।

ਗੁਰੂ ਨਾਨਕ ਦੇਵ ਥਰਮਲ ਪਲਾਂਟ ਦੀ ਤੀਜੀ ਸਟੇਜ ਉਸਾਰਨ ਲਈ ਅਮੀਰਕੀ ਕੰਪਨੀ ਨਾਲ ਸਮਝੌਤਾ

ਚੰਡੀਗੜ੍ਹ, 31 ਅਗਸਤ (ਬੀ. ਆਰ. ਜੇਤਲੀ)— ਪੰਜਾਬ ਰਾਜ ਬਿਜਲੀ ਬੋਰਡ ਨੇ ਅਮਰੀਕੀ ਕੰਪਨੀ ਸੀ. ਈ. ਏ. ਨਾਲ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੀ ਤੀਜੀ ਸਟੇਜ ਤਿਆਰ ਕਰਨ ਲਈ ਸਮਝੌਤਾ ਕੀਤਾ ਹੈ।

ਇਸ ਸਮਝੌਤੇ ਅਨੁਸਾਰ ਸੀ. ਈ. ਏ. ਜਲਦੀ ਹੀ ਬਠਿੰਡਾ ਪ੍ਰਾਜੈਕਟ ਲਈ ਕੰਮ ਸ਼ੁਰੂ ਕਰ ਦੇਵੇਗੀ, ਇਸ ਦਾ ਇਕ ਦਫਤਰ ਚੰਡੀਗੜ੍ਹ ਵਿਚ ਵੀ ਹੋਵੇਗਾ।

ਇਸ ਸਿਲਸਿਲੇ ਵਿਚ ਕਿਹਾ ਗਿਆ ਹੈ ਕਿ ਬਠਿੰਡਾ ਥਰਮਲ ਪਲਾਂਟ ਦੀ ਤੀਜੀ ਸਟੇਜ ਤੇ ਮੌਜੂਦਾ ਅਨੁਮਾਨ ਅਨੁਸਾਰ 1200 ਕਰੋੜ ਰੁਪਏ ਖਰਚ ਹੋਣਗੇ ਅਤੇ ਮੁਕੰਮਲ ਹੋਣ ਤੇ ਇਹ 420 ਮੈਗਾਵਾਟ ਬਿਜਲੀ ਦੇ ਸਕੇਗਾ, ਇਸ ਬਿਜਲੀ ਘਰ ਦੇ ਕੰਮ ਨੂੰ ਸ਼ੁਰੂ ਕਰਨ ਦੀ ਤਾਰੀਖ ਆਰਜ਼ੀ ਤੌਰ ਤੇ ਜੂਨ 1977 ਮਿਥੀ ਗਈ ਹੈ।

ਮਹਾਰਾਸ਼ਟਰ ਵਿਚ ਐਨਰਾਨ ਵਲੋਂ ਸ਼ੁਰੂ ਕੀਤੇ ਪ੍ਰਾਜੈਕਟ ਨੂੰ ਰੱਦ ਕਰਨ ਦੇ ਬਾਅਦ, ਪੰਜਾਬ ਰਾਜ ਬਿਜਲੀ ਬੋਰਡ ਨੇ ਇਕ ਅਮਰੀਕੀ ਕੰਪਨੀ ਨਾਲ ਹੀ ਸਾਰਿਆਂ ਨੂੰ ਨਜ਼ਰ ਆਉਣ ਵਾਲਾ ਸਮਝੌਤਾ ਕੀਤਾ ਹੈ। ਚੇਤੇ ਰਹੇ ਕਿ ਐਨਰਾਨ ਵੀ ਅਮਰੀਕੀ ਕੰਪਨੀ ਸੀ। ਬੋਰਡ ਦੇ ਹਲਕਿਆਂ ਦਾ ਕਹਿਣਾ ਹੈ ਕਿ ਇਸ ਪਲਾਂਟ ਵਿਚ ਬਿਜਲੀ ਪੈਦਾ ਕਰਨ ਦਾ ਖਰਚਾ ਤਿੰਨ ਕਰੋੜ ਰੁਪਏ ਪ੍ਰਤੀ ਮੈਗਾਵਾਟ ਤੋਂ ਵੀ ਘਟ ਹੈ।

ਇਹ ਅਮਰੀਕੀ ਕੰਪਨੀ ਕੇਵਲ ਬਿਜਲੀ ਹੀ ਪੈਦਾ ਕਰੇਗੀ ਅਤੇ ਇਸ ਦੀ ਵੰਡ ਦਾ ਕੰਮ ਪੰਜਾਬ ਰਾਜ ਬਿਜਲੀ ਬੋਰਡ ਦੇ ਹੱਥ ਵਿਚ ਹੋਵੇਗਾ।

ਇਸ ਗੱਲ ਦਾ ਪਤਾ ਨਹੀਂ ਕਿ ਸੀ. ਈ. ਏ. ਨੇ ਲੋਕਾਂ ਨੂੰ ਇਸ ਪ੍ਰਾਜੈਕਟ ਬਾਰੇ ਜਾਣੂ ਕਰਵਾਉਣ ਲਈ ਕੋਈ ਰੁਪਿਆ ਖਰਚ ਕੀਤਾ ਹੈ ਜਾਂ ਖਰਚ ਕਰੇਗੀ। ਕਿਸੇ ਵਿਦੇਸ਼ੀ ਕੰਪਨੀ ਲਈ ਲੋਕਾਂ ਨੂੰ ਜਾਣਕਾਰੀ ਦੇਣ ਲਈ ਖਰਚਿਆ ਜਾਣ ਵਾਲਾ ਰੁਪਿਆ ਇਕ ਦਸਤੂਰੀ ਗੱਲ ਹੈ ਪਰ ਐਨਰਾਨ ਨੇ ਇਸ ਤਰ੍ਹਾਂ ਜਿਹੜਾ 64 ਕਰੋੜ ਰੁਪਿਆ ਖਰਚਿਆ ਸੀ, ਉਹ ਹੀ ਐਨਰਾਨ ਬਾਰੇ ਉਠੇ ਵਿਵਾਦ ਦਾ ਕਾਰਨ ਬਣਿਆ ਸੀ।

ਪੰਜਾਬ ਰਾਜ ਬਿਜਲੀ ਬੋਰਡ ਦੇ ਹਲਕਿਆਂ ਦਾ ਕਹਿਣਾ ਹੈ ਕਿ ਸੀ. ਈ. ਏ. ਨਾਲ ਮਿਲ ਕੇ ਜਿਹੜਾ ਸਾਂਝਾ ਪ੍ਰਾਜੈਕਟ ਲਾਇਆ ਜਾ ਰਿਹਾ ਹੈ, ਉਹ 50:50 ਦੇ ਅਨੁਪਾਤ ਵਿਚ ਹੋਵੇਗਾ। ਦੋਵਾਂ ਦੇ ਇਕੋ ਜਿੰਨੇ ਡਾਇਰੈਕਟਰ ਹੋਣਗੇ। ਪੰਜਾਬ ਰਾਜ ਬਿਜਲੀ ਬੋਰਡ ਦੇ ਲਗਭਗ 250 ਕਰੋੜ ਰੁਪਏ ਦੇ ਇਕਵਿਟੀ ਹੋਣਗੇ। ਇਥੇ ਇਹ ਗੱਲ ਦਿਲਚਸਪੀ ਵਾਲੀ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਇਸ ਪ੍ਰਾਜੈਕਟ ਤੇ ਪਹਿਲਾਂ ਹੀ ਏਨਾ ਰੁਪਿਆ ਖਰਚ ਕਰ ਚੁੱਕਾ ਹੈ।

ਇਸ ਸਿਲਸਿਲੇ ਵਿਚ ਵਿਸ਼ਵ ਭਰ ਵਿਚੋਂ ਟੈਂਡਰ ਮੰਗੇ ਗਏ ਸਨ ਅਤੇ ਇਸ ਸਮਝੌਤੇ ਲਈ ਲਗਭਗ ਦੋ ਮਹੀਨੇ ਤਕ ਗੱਲਬਾਤ ਚਲਦੀ ਰਹੀ। ਕਈ ਭਾਰਤੀ ਕੰਪਨੀਆਂ ਵੀ ਇਸ ਥਰਮਲ ਪ੍ਰਾਜੈਕਟ ਨੂੰ ਲੈਣਾ ਚਾਹੁੰਦੀਆਂ ਸਨ, ਪਰ ਭਾਰਤੀ ਕੰਪਨੀਆਂ ਬਿਜਲੀ ਦਾ ਹਰ ਤਰ੍ਹਾਂ ਦਾ ਕੰਮ ਵੀ ਆਪਣੇ ਹੱਥ ਵਿਚ ਲੈਣਾ ਚਾਹੁੰਦੀਆਂ ਸਨ, ਪਰ ਬਿਜਲੀ ਬੋਰਡ ਨੂੰ ਇਹ ਸ਼ਰਤ ਮਨਜ਼ੂਰ ਨਹੀਂ ਸੀ।

ਇਨ੍ਹਾਂ ਹਲਕਿਆਂ ਨੇ ਇਹ ਵੀ ਦਸਿਆ ਹੈ ਕਿ ਗੋਇੰਦਵਾਲ ਸਾਹਿਬ ਥਰਮਲ ਪ੍ਰਾਜੈਕਟ ਪ੍ਰਾਈਵੇਟ ਸੈਕਟਰ ਨਾਲ ਮਿਲ ਕੇ ਲਾਉਣ ਲਈ ਗੱਲਬਾਤ ਚਲ ਰਹੀ ਹੈ। ਇਸ ਪ੍ਰਾਜੈਕਟ ਤੋਂ 500 ਮੈਗਾਵਾਟ ਬਿਜਲੀ ਮਿਲੇਗੀ। ਇਨ੍ਹਾਂ ਹਲਕਿਆਂ ਦਾ ਕਹਿਣਾ ਹੈ ਕਿ ਬਹੁਤ ਸਾਰੀਆਂ ਕੰਪਨੀਆਂ ਜਿਨ੍ਹਾਂ ਵਿਚ ਵਿਦੇਸ਼ੀ ਕੰਪਨੀਆਂ ਵੀ ਸ਼ਾਮਲ ਹਨ, ਨੇ ਗੋਇੰਦਵਾਲ ਸਾਹਿਬ ਪ੍ਰਾਜੈਕਟ ਲਈ ਟੈਂਡਰ ਦਿਤੇ ਹਨ, ਉਨ੍ਹਾਂ ਦੀ ਵੀ ਸੂਚੀ ਬਣਾਈ ਜਾ ਰਹੀ ਹੈ।

ਪੰਜਾਬ ਰਾਜ ਬਿਜਲੀ ਬੋਰਡ ਦੇ ਹਲਕਿਆਂ ਦਾ ਕਹਿਣਾ ਹੈ ਕਿ 21ਵੀਂ ਸਦੀ ਦੇ ਸ਼ੁਰੂ ਵਿਚ ਹੋਣ ਵਾਲੀ ਬਿਜਲੀ ਦੀ ਮੰਗ ਨੂੰ ਇਹ ਪ੍ਰਾਜੈਕਟ ਕਾਫੀ ਹੱਦ ਤਕ ਦੂਰ ਕਰ ਸਕੇਗਾ।

ਇਥੇ ਇਹ ਜਾਣਨਾ ਵੀ ਦਿਲਚਸਪੀ

(ਬਾਕੀ ਸਫਾ 8 'ਤੇ)

ਰੋਚ

(P) 079.545
AK-NS,10

ਪੰਜਾਬੀ ਯੂਨੀਵਰਸਿਟੀ ਪਟਿਆਲਾ
ਕ੍ਰਮਾਂਕ ਨੰ: 45671
ਮਿਤੀ 20.11.97

ਪੰਜਾਬੀਆਂ ਦਾ ਤਰਜਮਾਨ

ਅਕਾਲੀ ਪੱਤ੍ਰਿਕਾ

ਮੁੱਖ ਸੰਪਾਦਕ ਰਤਨੇਸ਼ ਸਿੰਘ ਸੋਢੀ

ਫਾਊ. ਐਡੀਟਰ ਸਵ. ਗਿਆਨੀ ਸ਼ਾਦੀ ਸਿੰਘ
ਫਾਊ. ਚੇਅਰਮੈਨ ਸਵ. ਸਾ. ਰਾਮ ਸਿੰਘ ਰਾਈਸ
ਫਾਊ. ਸਵ. ਸ੍ਰ. ਅਮਰ ਸਿੰਘ ਦੁਸਾਂਝ

ਰਜਿਸਟਰ ਨੰ. PB/JL, 24 ਸਥਾਪਿਤ 1920, ਅੰਕ ਨੰਬਰ 141 FAX NO. 225557
A KALI PATRIKA
ਸ਼ੁੱਕਰਵਾਰ 1 ਸਤੰਬਰ 1995 17 ਭਾਦੋਂ 2052 ਮੁੱਲ 1.50 ਰੁਪਏ ਫੋਨ ਦਫਤਰ 56579

ਲੁਟੇਰੇ ਸਰਗਰਮ

ਪਟਿਆਲਾ, 31 ਅਗਸਤ (ਹੈਰਾਨ) -ਪੀਆਰਟੀ.ਸੀ. ਵਲੋਂ ਰਾਤਰੀ ਬੱਸ ਸੇਵਾ ਦੇ ਸ਼ੁਰੂ ਕਰਨ ਮਗਰੋਂ ਪਟਿਆਲਾ ਬੱਸ ਸਟੈਂਡ ਤੇ ਰਾਤ ਨੂੰ ਪਹੁੰਚਣ ਵਾਲੇ ਮੁਸਾਫਰਾਂ ਦੀਆਂ ਜੇਬਾਂ ਤੇ ਅਤੇ ਸਮਾਨ ਤੇ ਹੱਥ ਮਾਰਨ ਵਾਲੇ ਲੁਟੇਰੇ ਭਾਰੀ ਮਾਤਰਾ ਵਿਚ ਸਰਗਰਮ ਹੋ ਗਏ ਹਨ।

ਰਾਤ ਦਾ

ਜੰਮੂ, 31 ਅਗ (ਹ.ਸ.) ਇਸ ਜ਼ਿਲ੍ਹੇ ਵਿਚ ਪੈਂਦੀ ਭਾਰਤ-ਪਾਕਿਸਤਾਨ ਦੀ ਸੀਮਾ ਦੇ ਨਾਲ 5 ਕਿਲੋਮੀਟਰ ਦੀ ਪੱਟੀ ਵਿਚ ਰਾਤ ਦਾ ਕਰਫਿਊ ਲਾ ਦਿੱਤਾ ਗਿਆ ਹੈ ਜੋ 2 ਮਹੀਨੇ ਤੱਕ ਜਾਰੀ ਰਹੇਗਾ।

ਇਸ ਕਰਫਿਊ ਦੀ ਉਲੰਘਣਾ ਕਰਨ ਵਾਲੇ ਨੂੰ ਗੋਲੀ ਮਾਰਨ ਦੇ ਹੁਕਮ ਦੇ ਦਿੱਤੇ ਗਏ ਹਨ।

ਮੁੱਖ ਮੰਤਰੀ ਬੇਅੰਤ ਸਿੰਘ ਬੰਬ ਧਮਾਕੇ ਵਿਚ ਹਲਾਕ

ਧਮਾਕਾ ਮੁੱਖ ਮੰਤਰੀ ਦੀ ਕਾਰ ਵਿੱਚ ਰੱਖੇ ਬੰਬ ਕਾਰਣ ਹੋਇਆ

ਮ੍ਰਿਤਕਾਂ ਵਿਚ ਮੁੱਖ ਮੰਤਰੀ ਦੇ 7 ਕਮਾਂਡੋ ਅਤੇ 2 ਪੀ.ਏ. ਵੀ ਸ਼ਾਮਿਲ

ਚੰਡੀਗੜ੍ਹ, ੩੧ ਅਗਸਤ (ਯੂ. ਬਾਜਵਾ, ਕੋਹਲੀ) -ਪੰਜਾਬ ਦੇ ਮੁੱਖ ਮੰਤਰੀ ਸ੍ਰ. ਬੇਅੰਤ ਸਿੰਘ ਅੱਜ ਸ਼ਾਮੀ ਪੰਜਾਬ ਅਤੇ ਹਰਿਆਣਾ ਸਿਵਲ ਸੱਕਤਰੇਤ ਦੇ ਬਾਹਰ ਇਕ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ ਮਾਰੇ ਗਏ। ਦਸਿਆ ਗਿਆ ਹੈ ਕਿ ਸ਼ਾਮੀ ਸਵਾ 5 ਵਜੇ ਜਦ ਉਹ ਆਪਣੀ ਬੁਲਿਟ ਪਰੂਫ ਕਾਰ ਵਿਚ ਸਵਾਰ ਹੋਏ ਤਾਂ ਕਾਰ ਵਿਚ ਰਖਿਆ ਬੰਬ ਫਟ ਗਿਆ ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ। ਇਹ ਬੰਬ ਧਮਾਕਾ ਰਿਮੋਟ ਕੰਟਰੋਲ ਨਾਲ ਕੀਤਾ ਗਿਆ। ਸ੍ਰ. ਬੇਅੰਤ ਸਿੰਘ ਤੋਂ ਇਲਾਵਾ ਉਹਨਾਂ ਦੇ 9 ਕਮਾਂਡੋ ਸਮੇਤ ਹੋਰ ਕਈ ਵਿਅਕਤੀ ਵੀ ਮਾਰੇ ਗਏ। ਧਮਾਕਾ ਏਨਾ ਜਬਰਦਸਤ ਸੀ ਕਿ ਇਕ 100 ਗਜ ਦੇ ਘੇਰੇ ਵਿਚ ਮੌਜੂਦ ਲਗਪਗ 20 ਵਿਅਕਤੀ ਹੋਰ ਮਾਰੇ ਗਏ। 25-30 ਕਾਰਾਂ ਜੋ ਇਸ ਇਲਾਕੇ ਵਿਚ ਖੜੀਆਂ ਸਨ ਉਹ ਵੀ ਨਸ਼ਟ ਹੋ ਗਈਆਂ। ਇਕ ਹੋਰ ਖ਼ਬਰ ਮੁਤਾਬਕ ਪੰਜਾਬ ਦੇ ਰਾਜਪਾਲ ਸ੍ਰੀ ਛਿੱਬਰ ਨੇ ਸੀਨੀਅਰ ਮੰਤਰੀ ਸ੍ਰ. ਹਰਚਰਨ ਸਿੰਘ ਬਰਾੜ ਨੂੰ ਬੁਲਾ ਲਿਆ ਹੈ ਤਾਂ ਜੋ ਉਹ ਸਰਕਾਰ ਦੀ ਅਗਵਾਈ ਕਰ ਸਕਣ। ਇਕ ਸੌ ਦੇ ਕਰੀਬ ਆਦਮੀ ਜ਼ਖਮੀ ਹੋਏ ਹਨ ਜਿਨ੍ਹਾਂ ਨੂੰ ਪੀ.ਜੀ.ਆਈ. ਵਿਚ ਦਾਖਲ ਕਰਵਾ ਦਿੱਤਾ ਗਿਆ ਹੈ।

ਮੁੱਖ ਮੰਤਰੀ ਦੀ ਕਾਰ ਪੂਰੀ ਤਰ੍ਹਾਂ ਨਸ਼ਟ ਹੋ ਗਈ ਮੁੱਖ ਮੰਤਰੀ ਦੇ ਕੁਝ ਅੰਗ ਇੱਧਰ ਉਧਰ ਖਿਲਰੇ ਪਏ ਸਨ ਅਤੇ ਉਹਨਾਂ ਦੇ ਸ਼ਰੀਰ ਦੀ ਪਛਾਣ ਕਰਨੀ ਮੁਸ਼ਕਿਲ ਸੀ। ਇਕ ਹੋਰ ਖ਼ਬਰ ਮੁਤਾਬਕ 25 ਵਿਅਕਤੀ ਮਾਰੇ ਗਏ। ਜਿਨ੍ਹਾਂ ਵਿਚ 6 ਕਮਾਂਡੋਜ਼, ਇਕ ਐਸਪੀ. ਤ੍ਰਿਪਾਠੀ ਅਤੇ 2 ਮੁਖ ਮੰਤਰੀ ਦੇ ਪੀ.ਏ. ਸ਼ਾਮਲ ਹਨ। ਧਮਾਕੇ ਕਾਰਣ ਲਾਗੀਲੀਆਂ ਬਿਲਡਿੰਗਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਹਿਲ ਗਏ। ਇਹ ਧਮਾਕਾ 5 ਵਜਕੇ 7 ਮਿੰਟ ਤੇ ਹੋ ਗਿਆ। ਇਸ ਹਾਦਸੇ ਦੇ ਬਾਦ ਹਰਚਰਨ ਸਿੰਘ ਬਰਾੜ ਅਤੇ ਚੀਫ ਸੈਕਟਰੀ ਰਾਜਪਾਲ ਕੋਲ ਗਏ ਪਰ ਗੱਲਬਾਤ ਦੇ ਵੇਰਵੇ ਬਾਰੇ ਕੁਝ ਨਹੀਂ ਪਤਾ ਚਲਿਆ।

ਰਾਮਾ ਰਾਓ ਵਲੋਂ ਅਸਤੀਫੇ ਪਿਛੋਂ ਰਾਜਪਾਲ ਨੇ ਚੰਦਰ ਬਾਬੂ ਨਾਇਡੂ ਨੂੰ ਸਰਕਾਰ ਬਨਾਉਣ ਲਈ ਕਿਹਾ

ਹੈਦਰਾਬਾਦ, 31 ਅਗਸਤ (ਯੂ.) -ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ.ਟੀ. ਰਾਮਾ ਰਾਓ ਨੇ ਅੱਜ ਇਕ ਨਾਟਕੀ ਢੰਗ ਨਾਲ ਅਸਤੀਫਾ ਦੇ ਦਿੱਤਾ ਹੈ। ਸੂਤਰਾਂ ਨੇ ਦਸਿਆ ਕਿ ਰਾਜਪਾਲ ਕ੍ਰਿਸ਼ਨ ਕਾਂਤ ਨੇ ਸਵੀਕਾਰ ਕਰ ਲਿਆ ਹੈ। ਰਾਮਾ ਰਾਓ ਨੇ ਆਪਣਾ ਅਸਤੀਫਾ ਉਹਨਾਂ ਵਲੋਂ ਰਾਜ ਵਿਧਾਨ ਸਭਾ ਵਿਚ ਆਪਣਾ ਬਹੁਮਤ ਸਿੱਧ ਕਰਨ ਤੋਂ ਸਿਰਫ ਦੋ ਘੰਟੇ ਪਹਿਲਾਂ ਦਿੱਤਾ। ਇਸ ਤੋਂ ਪਹਿਲਾਂ ਸ੍ਰੀ ਰਾਮਾ ਰਾਓ ਨੂੰ ਉਹਨਾਂ ਦੀ ਰਿਹਾਇਸ਼ 'ਤੇ ਹੀ ਦਿਲ ਦਾ ਦੌਰਾ ਪੈਣ ਪਿਛੋਂ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਸੱਕਤਰੇਤ ਦੇ ਸੂਤਰਾਂ ਅਨੁਸਾਰ ਸ੍ਰੀ ਰਾਮਾ ਰਾਓ ਜਿਨ੍ਹਾਂ ਨੇ ਪਹਿਲਾਂ ਜਨਤਾ ਦਲ ਦੇ ਸੀਨੀਅਰ ਲੀਡਰਾਂ ਵੀ.ਪੀ. ਸਿੰਘ ਅਤੇ ਸ਼ਰਦ ਯਾਦਵ ਨਾਲ ਬਰੇਕਫਾਸਟ ਮੀਟਿੰਗ ਕੀਤੀ ਸੀ ਉਹਨਾਂ ਨੂੰ ਵਿਦਾ ਕਰਨ ਪਿਛੋਂ ਛੇਤੀ ਹੀ ਡਿਗ ਪਏ।

ਸ੍ਰੀ ਰਾਮਾ ਰਾਓ ਦਾ ਉਚ ਮੈਡੀਕਲ ਕੇਅਰ ਕੇਂਦਰ ਵਿਚ ਇਲਾਜ ਕੀਤਾ ਜਾ ਰਿਹਾ ਹੈ। ਹਸਪਤਾਲ ਦੇ ਡਾਕਟਰਾਂ ਨੇ ਏਜੰਸੀ ਨੂੰ ਦਸਿਆ ਕਿ ਰਾਮਾ ਰਾਓ ਸਾਹ ਲੈਣ ਵਿਚ ਤਕਲੀਫ ਮਹਿਸੂਸ ਕਰ ਰਹੇ ਹਨ ਪਰ ਉਹਨਾਂ ਦੀ ਹਾਲਤ ਸਥਿਰ ਹੈ ਅਤੇ ਰੋਗ ਸੰਚਾਰ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ। ਜਦੋਂ ਰਾਮਾ ਰਾਓ ਦੇ ਤੀਸਰੇ ਪੁੱਤਰ ਹਰੀ ਕ੍ਰਿਸ਼ਨ ਜਿਹੜੇ ਵੱਖ ਹੋਏ ਧੜੇ ਦੀ ਹਿਮਾਇਤ ਕਰ ਰਹੇ ਹਨ ਜਦੋਂ ਹਸਪਤਾਲ ਪਹੁੰਚੇ ਤਾਂ ਰਾਮਾ ਰਾਓ ਦੇ ਸਮਰਥਕਾਂ ਨੇ ਵਾਪਸ ਜਾਉ ਦੇ ਨਾਅਰੇ ਲਾਏ। ਰਾਮਾ ਰਾਓ ਦੇ ਤਿੰਨੇ ਪੁੱਤਰ ਸ੍ਰੀ ਹਰਕ੍ਰਿਸ਼ਨ, ਸ੍ਰੀ ਕ੍ਰਿਸ਼ਨ ਅਤੇ ਜੇ ਕ੍ਰਿਸ਼ਨ ਅਤੇ ਪ੍ਰੀਵਾਰ ਦੇ ਦੂਸਰੇ ਮੈਂਬਰ ਬਾਅਦ ਵਿਚ ਹਸਪਤਾਲ ਦੇ ਅੰਦਰ ਗਏ। ਹਸਪਤਾਲ 'ਚ ਦਿਲ ਦੇ ਰੋਗਾਂ ਦੇ ਮਾਹਿਰ ਡਾ. ਪੀ.ਐਸ. ਰੈਡੀ ਨੇ ਦਸਿਆ ਕਿ ਰਾਮਾ ਰਾਓ ਦੀ ਹਾਲਤ ਸਥਿਰ ਹੈ ਅਤੇ ਖ਼ਤਰੇ ਵਾਲੀ ਕੋਈ ਗੱਲ ਨਹੀਂ। ਡਾ. ਰੈਡੀ ਨੇ ਦਸਿਆ ਕਿ ਰਾਮਾ ਰਾਓ ਨੂੰ ਸਾਹ ਦੀ ਤਕਲੀਫ ਅਤੇ ਖੰਘ ਹੋਣ ਪਿਛੋਂ ਹਸਪਤਾਲ ਲਿਆਂਦਾ ਗਿਆ ਸੀ। ਦਿਲ ਦੇ ਰੋਗਾਂ ਦੇ ਮਾਹਿਰ ਡਾ. ਪੀ.ਐਸ. ਰੈਡੀ ਦੀ ਅਗਵਾਈ ਵਿਚ ਮਾਹਿਰਾਂ ਦੀ ਟੀਮ ਉਨ੍ਹਾਂ ਦੀ ਹਾਲਤ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ। ਰਾਮਾ ਰਾਓ ਦੀ ਪਤਨੀ ਲਕਸ਼ਮੀ ਪਾਰਵਤੀ ਜਿਹੜੀ ਪਹਿਲਾਂ ਬੇਹੋਸ਼ ਹੋ ਗਈ ਸੀ ਨੂੰ ਵੀ ਮੈਡੀਸਿਟੀ ਹਸਪਤਾਲ ਦੇ ਉਚ ਮੈਡੀਕਲ ਕੇਅਰ ਕੇਂਦਰ ਵਿਚ ਦਾਖਲ ਕੀਤਾ ਗਿਆ ਹੈ। ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਸੂਤਰਾਂ ਅਨੁਸਾਰ ਰਾਮਾ ਰਾਓ ਨੂੰ ਦੌਰਾ ਸਵੇਰੇ 9.30 ਵਜੇ ਪਿਆ ਅਤੇ ਉਸ ਨੇ 11.00 ਵਜੇ ਪ੍ਰੈਸ ਕਾਨਫਰੰਸ ਸੱਦੀ ਹੋਈ ਸੀ।

ਸਪੀਕਰ ਦੇ ਘਰ 'ਤੇ ਬੰਬ ਸੁੱਟੇ

ਅੱਜ ਸਵੇਰੇ ਸ਼ਹਿਰ ਦੇ ਵਿਚਕਾਰ ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ

ਬਾਕੀ ਸਫਾ 6 ਤੇ

ਮਹਾਂਰਾਸ਼ਟਰ ਪੀ.ਸੀ.ਸੀ. ਦੇ ਪ੍ਰਧਾਨਗੀ ਪਦ ਦੀ ਚੋਣ ਲਈ ਅੜਿਕਾ ਜਾਰੀ

ਨਵੀਂ ਦਿੱਲੀ, 31 ਅਗਸਤ -ਮਹਾਰਾਸ਼ਟਰ ਤੋਂ ਕਾਂਗਰਸ (ਈ) ਦੇ ਸੀਨੀਅਰ ਲੀਡਰ ਰਾਜ ਦੇ ਯੂਨਿਟ ਵਿਚ ਮਤਭੇਦ ਖ਼ਤਮ ਕਰਨ ਲਈ ਪੀਸੀਸੀ. ਦੇ ਨਵੇਂ ਪ੍ਰਧਾਨ ਦੀ ਚੋਣ ਦੇ ਨਾਜ਼ੁਕ ਮਸਲੇ ਤੇ ਸਰਬਸੰਮਤੀ ਕਰਨ 'ਚ ਨਾਕਾਮ ਰਹੇ ਹਨ। ਪਾਰਟੀ ਸੂਤਰਾਂ ਨੇ ਦਸਿਆ ਕਿ ਪੀਸੀਸੀ. ਦੇ ਪ੍ਰਧਾਨ ਸ਼ਿਵਾਜੀ ਰਾਓ ਦੇਸ਼ਮੁੱਖ ਦੀ ਜਗ੍ਹਾ ਨਵਾਂ ਪ੍ਰਧਾਨ ਲੱਭਣ ਵਿਚ ਕੋਈ ਕਾਮਯਾਬੀ ਨਹੀਂ ਮਿਲੀ ਕਿਉਂਕਿ ਵਿਰੋਧੀ ਧੜਾ ਕਿਸੇ ਸਾਂਝੇ ਨਾ ਤੇ ਜਾਂ ਦੋ ਨਾਵਾਂ ਦੇ ਪੈਨਲ 'ਤੇ ਸਹਿਮਤ ਨਹੀਂ ਹੋਇਆ। ਤਾਜਾ ਗੱਲਬਾਤ ਦਾ ਦੌਰ ਕੇਂਦਰੀ ਗ੍ਰਹਿ ਮੰਤਰੀ ਐਸ.ਬੀ. ਚਵਾਨ ਦੀ ਰਿਹਾਇਸ਼ ਤੇ ਚਲਿਆ। ਇਸ ਬਾਰੇ ਪ੍ਰਧਾਨ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਨੇ ਪਹਿਲਾਂ ਸੰਕੇਤ ਦਿੱਤਾ ਸੀ ਕਿ ਪੀਸੀਸੀ. ਦਾ ਪੁਨਰਗਠਨ ਜਿਹੜਾ ਅਜੇ ਲਟਕ ਰਿਹਾ ਹੈ ਅਗਲੇ ਕੁਝ ਦਿਨ 'ਚ ਪੂਰਾ ਕਰ ਲਿਆ ਜਾਵੇਗਾ। ਚਵਾਨ ਦੇ ਨਾਲ ਨਾਲ ਮੀਟਿੰਗ ਵਿਚ ਸਾਬਕਾ ਮੁੱਖ ਮੰਤਰੀ ਸ਼ਰਦ ਪਵਾਰ, ਕੇਂਦਰੀ ਮੰਤਰੀ ਏ.ਆਰ. ਅੰਤੁਲੇ ਅਤੇ ਏ.ਆਈ.ਸੀ.ਸੀ. ਦੇ ਬੁਲਾਰੇ ਵੀ.ਐਨ. ਗਾਡਗਿਲ ਵੀ ਸ਼ਾਮਲ ਹੋਏ। ਸੂਤਰਾਂ ਨੇ ਦਸਿਆ ਕਿ ਪਵਾਰ ਵਿਰੋਧੀ ਗਰੁਪ ਨੇ ਹਿਮਾਚਲ ਦੇ ਰਾਜਪਾਲ ਸੁਧਾਕਰ ਰਾਓ ਨਾਇਕ, ਸਾਬਕਾ ਮੰਤਰੀ ਵਿਲਾਸ ਰਾਓ ਦੇਸ਼ ਮੁੱਖ ਐਮ.ਪੀ. ਪ੍ਰਤਾਪ ਰਾਓ ਭੋਸਾਲੇ ਦੇ ਨਾਵਾਂ ਦਾ ਪੀਸੀਸੀ. ਪਦਵੀ ਲਈ ਪ੍ਰਸਤਾਵ ਕੀਤਾ ਸੀ। ਸ੍ਰੀ ਨਾਇਕ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਵੀ ਹਨ।

ਮੁਹਾਜਰ ਕੌਮੀ ਮੂਵਮੈਂਟ ਨੇ ਪਾਕਿ ਸਰਕਾਰ ਦੀ ਪੇਸ਼ਕਸ਼ ਰੱਦ ਕੀਤੀ

ਨਵੀਂ ਦਿੱਲੀ, 31 ਅਗਸਤ -ਪਾਕਿਸਤਾਨ ਮੁਹਾਜਰ ਕੌਮੀ ਮੂਵਮੈਂਟ ਦੇ ਆਗੂ ਅਲਤਾਫ ਹੁਸੈਨ ਨੇ ਪ੍ਰਧਾਨ ਮੰਤਰੀ ਬੇਗਮ ਬੇਨਜ਼ੀਰ ਭੁਟੋ ਦੀ ਜੰਗਬੰਦੀ ਪੇਸ਼ਕਸ਼ ਰੱਦ ਕਰ ਦਿੱਤੀ। ਪ੍ਰਧਾਨ ਮੰਤਰੀ ਦੀ ਚੋਣਾਂ ਕਰਾਉਣ ਸੰਬੰਧੀ ਪੇਸ਼ਕਸ਼ ਦਾ ਜ਼ਿਕਰ ਕਰਦਿਆਂ ਅਲਤਾਫ ਹੁਸੈਨ ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਸਥਿਤੀ ਤੇ ਚਿੰਤਤ ਹਨ ਤਾਂ ਉਹਨਾਂ ਨੂੰ ਸਿੰਧ 'ਚ ਸਥਾਨਿਕ ਚੋਣਾਂ ਕਰਾਉਣ ਤੋਂ ਪਹਿਲਾਂ ਫੌਜੀ ਕਾਰਵਾਈ ਬੰਦ ਕਰਨੀ ਚਾਹੀਦੀ ਹੈ। ਮੁਹਾਜਰ ਆਗੂ ਨੇ ਦੋਸ਼ ਲਗਾਇਆ ਕਿ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਸਰਕਾਰ ਅਤੇ ਮੁਹਾਜਰ ਕੌਮੀ ਮੂਵਮੈਂਟ ਦੀ ਗੱਲਬਾਤ ਵਿਚ ਵਿਘਨ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਆਪਣੀਆਂ 18 ਨੁਕਾਤੀ ਮੰਗਾਂ ਤੋਂ ਘੱਟ ਕੋਈ ਵੀ ਗੱਲ ਸਵੀਕਾਰ ਨਹੀਂ ਕਰੇਗੀ। ਸਥਾਨਕ ਚੋਣਾਂ 'ਚ ਹਿੱਸਾ ਲੈਣਾ ਉਹਨਾਂ ਦੀ ਪਾਰਟੀ ਦਾ ਨਿਸ਼ਾਨਾ ਨਹੀਂ। ਸ੍ਰੀ ਅਲਤਾਫ ਹੁਸੈਨ ਨੇ ਕਿਹਾ ਕਿ ਮੁਹਾਜਰ ਕੌਮੀ ਮੂਵਮੈਂਟ ਸਰਕਾਰ ਨਾਲ ਸਤਾ ਦੀ ਹਿੱਸੇਦਾਰੀ ਨਹੀਂ ਕਰੇਗੀ।

ਵਿਦੇਸ਼ੀ ਸੈਨਾਨੀਆਂ ਦੇ ਅਗਵਾ ਦਾ ਮਾਮਲਾ ਜਲਦੀ ਹੱਲ ਹੋਣ ਦੀ ਸੰਭਾਵਨਾ

ਸ੍ਰੀਨਗਰ, 31 ਅਗਸਤ -ਵਿਦੇਸ਼ੀ ਸੈਨਾਨੀਆਂ ਨੂੰ ਬੰਦੀ ਬਨਾਉਣ ਸੰਬੰਧੀ ਦੋ ਮਹੀਨੇ ਪੁਰਾਣਾ ਸੰਕਟ ਹਫਤੇ ਦੇ ਅਖੀਰ ਤੱਕ ਖ਼ਤਮ ਹੋਣ ਦੀ ਸੰਭਾਵਨਾ ਹੈ ਪਰ ਇਸ ਤੋਂ ਪਹਿਲਾਂ ਦਿੱਲੀ 'ਚ ਪ੍ਰਧਾਨ ਮੰਤਰੀ ਦਫਤਰ ਨੂੰ ਅਲ ਫਾਰਾਨ ਦੀਆਂ ਮੰਗਾਂ ਮੰਨਣੀਆਂ ਪੈਣਗੀਆਂ। ਸਰਕਾਰ ਦੇ ਜਾਣਕਾਰ ਸੂਤਰਾਂ ਨੇ ਇਹ ਪ੍ਰਗਟਾਵਾ ਕੀਤਾ। ਅੱਤਵਾਦੀਆਂ ਨੇ 4 ਪੱਛਮੀ ਸੈਨਾਨੀਆਂ ਦੀ ਸੁਰਖਿਆ ਦਾ ਸਬੂਤ ਦੇ ਕੇ ਆਪਣਾ ਵਾਅਦਾ ਪੂਰਾ ਕੀਤਾ ਹੁਣ ਅੱਤਵਾਦੀ ਚਾਹੁੰਦੇ ਹਨ ਕਿ ਸਰਕਾਰ ਵੀ ਉਹਨਾਂ ਦੀਆਂ ਮੰਗਾਂ ਪੂਰੀਆਂ ਕਰੇ। ਇਸ ਸੰਬੰਧੀ ਫੈਸਲਾ ਪ੍ਰਧਾਨ ਮੰਤਰੀ ਦਫਤਰ ਨੇ ਲੈਣਾ ਹੈ। ਜੋ ਲੰਮੇ ਸਮੇਂ ਤੋਂ ਕਸ਼ਮੀਰ ਮਾਮਲਾ ਆਪਣੇ ਹੱਥਾਂ ਵਿਚ ਲਈ ਬੈਠਾ ਹੈ। ਸੂਤਰਾਂ ਮੁਤਾਬਕ ਇਹ ਫੈਸਲਾ ਹਫਤੇ ਦੇ ਅਖੀਰ ਤੱਕ ਸੰਭਵ ਹੈ ਇਸ ਤਰ੍ਹਾਂ ਚਾਰ ਵਿਦੇਸ਼ੀ ਸੈਨਾਨੀਆਂ ਦੀ ਰਿਹਾਈ ਜਲਦੀ ਸੰਭਵ ਹੈ। ਅਮਰੀਕਾ ਦੇ ਬੰਦਕ ਬਣੇ ਸੈਨਾਨੀ ਡੋਨਾਲਡ ਹਚਿੰਗ ਨੇ ਸਰਕਾਰੀ ਵਿਚੋਲੇ ਨਾਲ ਇਕ ਮਿੰਟ ਤੱਕ ਗੱਲਬਾਤ ਕੀਤੀ ਅਤੇ ਸੁਰਖਿਆ ਬਾਰੇ ਦਸਿਆ। ਅਗਵਾਕਾਰਾਂ ਨੇ ਹੋਰਨਾਂ ਸੈਨਾਨੀਆਂ ਦੀ ਰਿਹਾਈ ਸਬੰਧੀ ਵੀ ਗੱਲਬਾਤ ਕੀਤੀ। ਜਰਮਨ ਦੇ ਸੈਨਾਨੀ ਡਿਰਿਕ ਹਸਰਟ ਨੇ ਆਪਣੀ ਜਨਮ ਤਾਰੀਕ ਅਤੇ ਬਾਪ ਦਾ ਨਾਂ ਦਸਿਆ ਉਸਨੇ ਆਪਣੀ ਪਾਲਤੂ ਬਿੱਲੀ ਦਾ ਜ਼ਿਕਰ ਕੀਤਾ ਉਹ ਸਿਨਮਾ ਵੀ ਦਸਿਆ ਜਿਥੇ ਉਹ ਆਪਣੀ ਪਤਨੀ ਨਾਲ ਪਹਿਲੀ ਵਾਰ ਮਿਲਿਆ। ਦੋ ਬਰਤਾਨਵੀ ਨਾਗਰਿਕਾਂ ਵਿਚੋਂ ਇਕ ਪੋਲ ਵਿਲਸ ਨੇ ਆਪਣੀ ਪ੍ਰੇਮਿਕਾ ਨਾਲ ਮਿਲਣ ਦਾ ਦਿਨ ਅਤੇ ਸਥਾਨ ਦਸਿਆ। ਕੀਟ ਮਨਗਨ ਨੇ ਆਪਣੇ ਦਾਦੇ ਦਾ ਨਾਂ ਦਸਿਆ।

ਹਰਚਰਨ ਸਿੰਘ ਬਰਾੜ ਨੇ ਮੁੱਖ ਮੰਤਰੀ ਵਜੋਂ ਹਲਫ਼ ਲਿਆ

ਚੰਡੀਗੜ੍ਹ, 31 ਅਗਸਤ -ਮੁੱਖ ਮੰਤਰੀ ਸ. ਬੇਅੰਤ ਸਿੰਘ ਦੀ ਹੱਤਿਆ ਦੇ ਬਾਅਦ ਪੰਜਾਬ ਦੇ ਰਾਜਪਾਲ ਸ੍ਰੀ ਛਿੱਬਰ ਨੇ ਸੀਨੀਅਰ ਮੰਤਰੀ ਸ੍ਰ. ਹਰਚਰਨ ਸਿੰਘ ਬਰਾੜ ਨੂੰ ਸ਼ਾਮੀ ਸਾਢੇ 7 ਵਜੇ ਪੰਜਾਬ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ। ਇਸ ਮੌਕੇ 'ਤੇ ਸਾਰੇ ਮੰਤਰੀ ਅਤੇ ਸੀਨੀਅਰ ਅਧਿਕਾਰੀ ਮੌਜੂਦ ਸਨ। ਸ੍ਰ. ਬੇਅੰਤ ਸਿੰਘ ਦੀ ਅੱਜ ਸ਼ਾਮੀ ਇਕ ਬੰਬ ਧਮਾਕੇ ਵਿੱਚ ਮੌਤ ਹੋ ਗਈ ਸੀ।

ਬਦਨਾਮ ਅਪਰਾਧੀ ਬਬਲੂ ਨੂੰ ਭਾਰਤ ਲਿਆਉਣੰ ਦੀ ਸੰਭਾਵਨਾ

ਨਵੀਂ ਦਿੱਲੀ, 31 ਅਗਸਤ (ਯੂ.) -ਅਗਵਾ ਕਰਨ ਵਿਚ ਮਾਹਿਰ ਬਬਲੂ ਸ੍ਰੀਵਾਸਤਵ ਜਿਸ ਨੇ ਫਿਰੌਤੀਆਂ ਰਾਹੀ ਕਰੋੜਾਂ ਰੁਪਏ ਇੱਕਠੇ ਕੀਤੇ ਹਨ ਨੂੰ ਅੱਜ ਰਾਤ ਸਿੰਘਾਪੁਰ ਤੋਂ ਭਾਰਤ ਵਾਪਸ ਲਿਆਂਦਾ ਜਾ ਰਿਹਾ ਹੈ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਟੀਮ 35 ਸਾਲਾ ਬਦਨਾਮ ਅਪਰਾਧੀ ਨੂੰ ਅੱਜ ਦੇਰ ਰਾਤ ਲੈ ਕੇ ਆ ਰਹੀ ਹੈ। ਭਾਰਤ ਵਿਚ ਬਬਲੂ ਦੇ ਖਿਲਾਫ ਕਤਲ, ਕਤਲ ਦੀ ਕੋਸ਼ਿਸ਼, ਸਮਗਲਿੰਗ ਅਤੇ ਫਿਰੌਤੀ ਲਈ ਅਗਵਾ ਦੇ 50 ਕੇਸ ਦਰਜ ਹਨ। ਸਿੰਘਾਪੁਰ ਦੀ ਇਕ ਅਦਾਲਤ ਨੇ 11 ਅਗਸਤ ਨੂੰ ਭਾਰਤ ਸਰਕਾਰ ਵਲੋਂ ਉਸ ਦੀ ਹਵਾਲਗੀ ਬਾਰੇ ਰਸਮੀ ਬੇਨਤੀ ਕਰਨ ਪਿਛੋਂ ਤਿੰਨ ਮਹੀਨੇ ਦੇ ਵਕਫੇ ਬਾਅਦ ਉਸ ਨੂੰ ਭਾਰਤ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਸੀ। ਸੀ.ਬੀ.ਆਈ. ਨੇ ਬਬਲੂ ਦੇ ਖਿਲਾਫ 1200 ਸਫਿਆਂ ਦੇ ਦਸਤਾਵੇਜ਼ੀ ਸਬੂਤ ਪੇਸ਼ ਕੀਤੇ ਸਨ। ਇਕ ਕੱਟੜ ਅਪਰਾਧੀ ਦੀ ਭਾਰਤ ਨੂੰ ਵਾਪਸੀ ਬਹੁਤ ਘੱਟ ਵਾਪਰਨ ਵਾਲੇ ਕੇਸਾਂ ਵਿਚੋਂ ਇਕ ਹੈ। 1993 ਵਿਚ ਸ਼ੇਅਰ ਘੁਟਾਲੇ ਦੇ ਦੋਸ਼ੀ ਨਿਰੰਜਨ ਸ਼ਾਹ ਨੂੰ ਦੇਸ਼ ਵਾਪਸ ਭੇਜਿਆ ਗਿਆ ਸੀ। ਹਵਾਲੇ ਨਹੀਂ ਸੀ ਕੀਤਾ। ਬਬਲੂ ਨੂੰ ਡਬਈ ਤੋਂ ਸਿੰਘਾਪੁਰ ਪਹੁੰਚਣ ਤੇ 22 ਅਪ੍ਰੈਲ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਦੋਂ ਡਬਈ ਤੋਂ ਬਬਲੂ ਸਿੰਘਾਪੁਰ ਆ ਰਿਹਾ ਸੀ ਤਾਂ ਸੀ.ਬੀ.ਆਈ. ਨੇ ਇੰਟਰਪੋਲ ਰਾਹੀਂ ਸਿੰਘਾਪੁਰ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਸੀ। ਬਬਲੂ ਗਲਤ ਤਰੀਕੇ ਨਾਲ ਹਾਸਲ ਕੀਤੇ ਨੇਪਾਲੀ ਪਾਸਪੋਰਟ ਤੇ ਯਾਤਰਾ ਕਰ ਰਿਹਾ ਸੀ। ਬਬਲੂ ਬੰਬਈ ਦੇ ਬਦਨਾਮ ਅਪਰਾਧੀ ਇਬਰਾਹੀਮ ਦਾਊਦ ਦਾ ਨੇੜਲਾ ਸਾਥੀ ਹੈ।

ਮਲੋਟ, 31 ਅਗਸਤ -ਮਲੋਟ ਅਤੇ ਆਸੇ ਪਾਸੇ ਪਿੰਡਾਂ ਵਿਚ ਸੇਮ ਅਤੇ ਬਾਰਸ਼ ਦੇ ਪਾਣੀ ਨੇ ਤਬਾਹੀ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਦੇਸ਼ ਭਰ ਵਿਚ ਬੈਂਕ ਮੁਲਾਜ਼ਮਾਂ ਦੀ ਹੜਤਾਲ ਕਾਰਣ ਕਾਰੋਬਾਰ ਠੱਪ-ਵੱਖ-ਵੱਖ ਥਾਈਂ ਰੈਲੀਆਂ ਕੀਤੀਆਂ ਗਈਆਂ

ਨਵੀਂ ਦਿੱਲੀ, 31 ਅਗਸਤ (ਯੂ.) -ਤਨਖਾਹਾਂ ਵਧਾਉਣ ਦੀ ਮੰਗ ਲੈ ਕੇ ਅੱਜ ਸਾਰੇ ਮੁਲਕ 'ਚ ਬੈਂਕ ਕਰਮਚਾਰੀਆਂ ਨੇ ਹੜਤਾਲ ਕੀਤੀ ਜਿਸ ਨਾਲ ਬੈਂਕ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਰਹੀਆਂ ਭਾਵੇਂ ਕੌਮੀ ਪੱਧਰ ਦੀ ਹੜਤਾਲ ਦੇ ਸੱਦੇ ਦਾ ਭਾਰਤੀ ਮਜ਼ਦੂਰ ਸੰਘ ਅਤੇ ਭਾਰਤੀ ਵਪਾਰ ਯੂਨੀਅਨਾਂ ਨੇ ਵਿਰੋਧ ਕੀਤਾ। ਬੈਂਕ ਕਾਮਿਆਂ ਦੀ ਰਾਸ਼ਟਰੀ ਸੰਸਥਾ ਦੇ ਬੈਨਰ ਹੇਠ 2 ਲੱਖ ਤੋਂ ਜ਼ਿਆਦਾ ਕਰਮਚਾਰੀ ਇਸ ਹੜਤਾਲ 'ਚ ਸ਼ਾਮਲ ਨਹੀਂ ਹੋਏ। ਅੱਜ ਦੀ ਦੇਸ਼ ਵਿਆਪੀ ਹੜਤਾਲ ਦਾ ਸੱਦਾ ਬੈਂਕ ਕਰਮਚਾਰੀਆਂ ਦੀ ਰਾਸ਼ਟਰੀ ਕਨਫੈਡਰੇਸ਼ਨ ਸਰਵ ਭਾਰਤੀ ਬੈਂਕ ਕਰਮਚਾਰੀ ਐਸੋ. ਬੈਂਕ ਇੰਪਲਾਈਜ਼ ਫੈਡਰੇਸ਼ਨ ਆਫ ਇੰਡੀਆ ਅਤੇ ਨੈਸ਼ਨਲ ਬੈਂਕ ਇੰਪਲਾਈਜ਼ ਫੈਡਰੇਸ਼ਨ ਵਲੋਂ ਦਿੱਤਾ ਗਿਆ ਸੀ। ਕੇਂਦਰੀ ਮੁੱਖ ਲੇਬਰ ਕਮਿਸ਼ਨਰ ਨੇ ਹੜਤਾਲ ਤੇ ਜਾਣ ਵਾਲਿਆਂ ਵਿਰੁਧ ਕਾਰਵਾਈ ਕਰਨ ਦੀ ਧਮਕੀ ਦਿੰਦਿਆਂ ਹੜਤਾਲ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਹੜਤਾਲ ਨਾਲ ਸਮਝੌਤਾ ਟੁੱਟਿਆ ਹੈ ਅਤੇ ਇਸ ਦੋਸ਼ ਤਹਿਤ ਦੋਸ਼ੀਆਂ ਨੂੰ 6 ਮਹੀਨਿਆਂ ਤੋਂ ਜ਼ਿਆਦਾ ਸਮੇਂ ਦੀ ਕੈਦ ਵੀ ਹੋ ਸਕਦੀ ਹੈ।

ਜਲੰਧਰ ਬੈਂਕ ਕਰਮਚਾਰੀਆਂ ਦੀਆਂ ਚਾਰ ਪ੍ਰਮੁੱਖ ਜਥੇਬੰਦੀਆਂ ਏ.ਆਈ.ਬੀ.ਈ.ਏ, ਐਨ.ਸੀ.ਬੀ.ਈ, ਬੀ.ਈ.ਐਫ.ਆਈ. ਅਤੇ ਆਈ.ਐਨ.ਬੀ.ਈ.ਐਫ. ਦੁਆਰਾ ਬਣਾਈ ਸਾਂਝੀ ਐਕਸ਼ਨ ਕਮੇਟੀ ਦੇ ਸੱਦੇ ਤੇ ਅੱਜ ਸਾਰੇ ਭਾਰਤ ਵਿਚ ਇਕ ਰੋਜ਼ਾ ਹੜਤਾਲ ਕੀਤੀ ਗਈ। ਪੰਜਾਬ ਬੈਂਕ ਕਰਮਚਾਰੀ ਸੰਗਠਨ ਦੇ ਬੈਨਰ ਹੇਠ ਸਮੂਹ ਬੈਂਕ ਕਰਮਚਾਰੀਆਂ ਨੇ ਬੈਂਕਾਂ ਅੰਦਰ ਸੁੰਨਸਾਨ ਦੀ ਸਥਿਤੀ ਪੈਦਾ ਕਰ ਦਿੱਤੀ। ਜਲੰਧਰ 'ਚ ਸਾਰੀਆਂ ਬੈਂਕਾਂ ਅੰਦਰ ਕੋਈ ਕੰਮ ਕਾਰ ਨਾ ਹੋ ਸਕਿਆ। ਸਮੂਹ ਬੈਂਕ ਕਰਮਚਾਰੀਆਂ ਨੇ ਪਹਿਲਾਂ ਆਪਣੇ ਆਪਣੇ ਮੁੱਖ ਦਫਤਰਾਂ ਅੱਗੇ ਨਾਅਰੇਬਾਜ਼ੀ ਕਰਕੇ ਆਪਣੇ ਰੋਸ ਤੇ ਜੋਰ ਦਾ ਮੁਜਾਹਰਾ ਕੀਤਾ ਅਤੇ ਫਿਰ ਭਾਰਤੀ ਸਟੇਟ ਬੈਂਕ ਦੇ ਮੁੱਖ ਦਫਤਰ ਅੱਗੇ ਬਹੁਤ ਹੀ ਭਰਵੀਂ ਰੈਲੀ ਕੀਤੀ। ਬੈਂਕ ਕਰਮਚਾਰੀ ਆਪਣੇ ਹੋਏ ਵੇਤਨ ਸਮਝੌਤੇ ਨੂੰ ਮੁੜ ਵਿਚਾਰਨ ਤੇ ਜੋਰ ਦੇ ਰਹੇ ਹਨ ਕਿਉਂਕਿ ਸਰਕਾਰ ਨੇ ਬੈਂਕਿੰਗ ਉਦਯੋਗ 'ਚ ਪਹਿਲੀ ਵਾਰ ਦੂਹਰੀ ਨੀਤੀ ਆਪਣਾ ਕੇ ਧੱਕੇਸ਼ਾਹੀ ਅਤੇ ਵਿਤਕਰੇ ਵਾਲੀ ਨੀਤੀ ਨਾਲ ਕਰਮਚਾਰੀਆਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ। ਰੈਲੀ ਨੂੰ ਸੰਬੋਧਨ ਕਰਦਿਆਂ ਕਾ. ਅੰਮ੍ਰਿਤ ਲਾਲ ਅਤੇ ਕਾ. ਕ੍ਰਿਸ਼ਨ ਲਾਲ ਨੇ ਸਰਕਾਰ ਦੁਆਰਾ ਦਿਤੇਂ ਜਾ ਰਹੇ ਡਰਾਵਿਆਂ ਦੀ ਖਿਲੀ ਉਡਾਈ ਉਤੇ ਸਰਕਾਰ ਨੂੰ ਆਉਣ ਵਾਲੇ ਸਮਿਆਂ 'ਚ ਚਿਤਾਵਨੀ ਦਿੱਤੀ ਕਿ ਉਹ ਬੈਂਕ ਕਰਮਚਾਰੀਆਂ ਨਾਲ ਟਕਰਾਏ ਨਾ ਨਹੀਂ ਤਾਂ ਨਿਕਲਣ ਵਾਲੇ ਹਰ ਨਤੀਜੇ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

ਜਲੰਧਰ (ਹ.ਸ.) -ਸੈਂਟਰਲ ਚੀਫ ਲੇਬਰ ਕਮਿਸ਼ਨਰ ਵਲੋਂ ਬੈਂਕ ਐਂਪਲਾਈਜ਼ ਦੀ ਅੱਜ ਦੀ ਹੜਤਾਲ ਨੂੰ ਗੈਰ ਕਾਨੂੰਨੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਅੱਜ

ਬਾਕੀ ਸਫਾ 6 ਤੇ

ਭਾਰਤ ਨੂੰ ਪ੍ਰਿਥਵੀ ਮਿਜ਼ਾਇਲ ਬਨਾਉਣ ਤੋਂ ਰੋਕਿਆ ਜਾਵੇ-ਬੇਨਜ਼ੀਰ

ਇਸਲਾਮਾਬਾਦ, 31 ਅਗਸਤ (ਹ.ਸ.) -ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬੇਗਮ ਬੇਨਜ਼ੀਰ ਭੁਟੋ ਨੇ ਦੁਨੀਆਂ ਦੇ ਦੇਸ਼ ਪ੍ਰਮੁੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤ ਨੂੰ ਪ੍ਰਿਥਵੀ ਮਿਜ਼ਾਇਲ ਬਣਾਉਣ ਤੋਂ ਤੁਰੰਤ ਰੋਕਣ।

ਉਨ੍ਹਾਂ ਇਥੇ ਇਕ ਰੋਜ਼ਾਨਾ ਅੰਗਰੇਜ਼ੀ ਅਖਬਾਰ ਪਾਕਿਸਤਾਨ ਟਾਈਮਜ਼ ਨੂੰ ਇਕ ਭੇਂਟ ਵਿਚ ਆਖਿਆ ਕਿ ਜੇ ਭਾਰਤ ਨੂੰ ਪ੍ਰਿਥਵੀ ਮਿਜ਼ਾਇਲ ਬਣਾਉਣ ਤੋਂ ਨਾ ਰੋਕਿਆ ਤਾਂ ਦੁਨੀਆਂ ਵਿਚ ਮਿਜ਼ਾਇਲ ਦੌੜ ਸ਼ੁਰੂ ਹੋ ਜਾਏਗੀ ਤੇ ਵਿਸ਼ਵ ਸ਼ਾਂਤੀ ਖ਼ਤਰੇ ਵਿਚ ਪੈ ਜਾਏਗੀ।

ਜਦੋਂ ਉਨ੍ਹਾਂ ਨੂੰ ਪੁਛਿਆ ਕਿ ਭਾਰਤ ਪਾਸ ਅਗਨੀ, ਤਰਸ਼ੂਲ ਤੇ ਹੋਰ ਕਈ ਪ੍ਰਕਾਰ ਦੇ ਮਿਜ਼ਾਇਲ ਹਨ ਪਰ ਪ੍ਰਿਥਵੀ ਮਿਜ਼ਾਇਲਾਂ ਦੀ ਤਿਆਰੀ ਰੋਕਣ ਤੇ ਹੀ ਕਿਉਂ ਜੋਰ ਦਿੱਤਾ ਜਾ ਰਿਹਾ ਹੈ ਤਾਂ ਉਨ੍ਹਾਂ ਆਖਿਆ ਕਿ ਇਸ ਮਿਜ਼ਾਇਲ ਦੀ ਰੇਂਜ ਬਹੁਤ ਜ਼ਿਆਦਾ ਹੈ ਤੇ ਇਹ ਤਬਾਹੀ ਮਚਾਉਣ ਵਾਲੀ ਹੈ ਤੇ ਇਸ ਦੀ ਰੇਂਜ ਵਿਚ ਪਾਕਿਸਤਾਨ ਦੇ ਸਾਰੇ ਵੱਡੇ ਸ਼ਹਿਰ ਆ ਜਾਂਦੇ ਹਨ।

ਜਦੋਂ ਉਨ੍ਹਾਂ ਨੂੰ ਇਹ ਪੁਛਿਆ ਗਿਆ ਕਿ ਉਸ ਨੇ ਵੀ ਤਾਂ ਚੀਨ ਪਾਸੋਂ ਐਮ-11 ਮਿਜ਼ਾਇਲਾਂ ਪ੍ਰਾਪਤ ਕੀਤੀਆਂ ਹਨ ਤਾਂ ਉਨ੍ਹਾਂ ਆਖਿਆ ਕਿ ਇਹ ਉਸਦਾ ਮੁਕਾਬਲਾ ਨਹੀਂ ਕਰ ਸਕਦੀਆਂ ਕੇਵਲ ਉਸ ਨੂੰ ਰੋਕਣ ਵਿਚ ਮਦਦ ਦੇ ਸਕਦੀਆਂ ਹਨ।

ਬਾਕੀ ਸਫਾ 6 ਤੇ

ਚੋਣ ਕਮਿਸ਼ਨ ਦੀ ਦੂਸਰੀ ਸਾਂਝੀ ਮੀਟਿੰਗ 'ਚ ਵੱਖ-ਵੱਖ ਮਸਲਿਆਂ 'ਤੇ ਵਿਚਾਰ

ਨਵੀਂ ਦਿੱਲੀ, 31 ਅਗਸਤ (ਯੂ.) -ਮੁੱਖ ਚੋਣ ਕਮਿਸ਼ਨਰ ਟੀ.ਐਨ.ਸੇਸ਼ਨ ਦੀ ਪ੍ਰਧਾਨਗੀ ਤਹਿਤ ਤਿੰਨ ਦਿਨਾਂ 'ਚ ਦੂਸਰੀ ਵਾਰ ਤਿੰਨ ਮੈਂਬਰੀ ਚੋਣ ਕਮਿਸ਼ਨ ਦੀ ਮੀਟਿੰਗ ਹੋਈ ਅਤੇ ਮਸਲਿਆਂ 'ਤੇ ਗੈਰ ਰਸਮੀ ਵਿਚਾਰ ਵਟਾਂਦਰਾ ਕੀਤਾ। ਕਮਿਸ਼ਨ ਦੇ ਸੂਤਰਾਂ ਅਨੁਸਾਰ ਮੀਟਿੰਗ ਇਕ ਬਹੁਤ ਹੀ ਸਦਭਾਵਨਾ ਪੂਰਣ ਮਾਹੌਲ ਵਿਚ ਹੋਈ ਕਮਿਸ਼ਨ ਕੱਲ੍ਹ ਨੂੰ ਆਪਣੀ ਦੁਬਾਰਾ ਮੀਟਿੰਗ ਵਿਚ ਲੋਕ ਸਭਾ ਚੋਣਾਂ ਕਰਾਉਣ ਜਿਹੜੀਆਂ ਅਗਲੇ ਸਾਲ ਹੋਈਆਂ ਹਨ, ਵੋਟਰਾਂ ਨੂੰ ਸ਼ਨਾਖਤੀ ਕਾਰਡ ਜਾਰੀ ਕਰਨ ਮਾਡਲ ਕੋਡ ਆਫ ਕੰਡਕਟ ਅਤੇ ਚੋਣ ਖਰਚੇ ਦੇ ਵੱਖ ਵੱਖ ਮਸਲਿਆਂ ਤੇ ਵਿਚਾਰ ਵਟਾਂਦਰਾ ਕਰੇਗਾ। ਕੱਲ੍ਹ ਦੀ ਮੀਟਿੰਗ ਨੂੰ ਕਮਿਸ਼ਨ ਦੀ ਪਹਿਲੀ ਸਰਕਾਰੀ ਮੀਟਿੰਗ ਕਿਹਾ ਜਾ ਰਿਹਾ ਹੈ ਪਰੰਤੂ ਸੁਪਰੀਮ ਕੋਰਟ ਦੀ ਹਿਦਾਇਤ ਤੇ ਕੇਰਲਾ ਕਾਂਗਰਸ ਦੇ ਦੋ ਧੜਿਆਂ 'ਚ ਚੋਣ ਨਿਸ਼ਾਨ ਦਾ ਝਗੜਾ ਨਿਪਟਾਉਣ ਲਈ ਮੰਗਲਵਾਰ ਮੀਟਿੰਗ ਕੀਤੀ।

ਪੰਜਾਬ ਅਸੰਬਲੀ ਚੋਣਾਂ ਲੋਕ ਸਭਾ ਦੀਆਂ ਚੋਣਾਂ ਨਾਲ ਸੰਭਵ

ਮੁਕਤਸਰ, 31 ਅਗਸਤ (ਦਰਦੀ) -ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੀ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਦੇ ਨਾਲ ਹੋਣ ਦੀ ਸੰਭਾਵਨਾ ਹੈ ਅਤੇ ਰਾਜਸੀ ਹਲਕਿਆਂ ਵਿਚ ਇਸ ਸਬੰਧੀ ਚਰਚਾ ਜੋਰਾਂ ਤੇ ਹੈ। ਜਾਨਕਾਰ ਸੂਤਰਾਂ ਤੋਂ ਮਿਲੀਆਂ ਖ਼ਬਰਾਂ ਅਨੁਸਾਰ ਮੁੱਖ ਮੰਤਰੀ ਸ੍ਰ. ਬੇਅੰਤ ਸਿੰਘ ਨੇ ਪੰਜਾਬ ਵਪਾਰੀਆਂ ਪਿਛੜੇ ਲੋਕਾਂ ਅਤੇ ਕਿਸਾਨਾਂ ਲਈ ਜੋ ਰਿਆਇਤਾਂ ਦੇਣ ਦਾ ਐਲਾਨ ਕੀਤਾ ਹੈ ਅਤੇ ਜਿਸ ਤਰ੍ਹਾਂ ਉਹ ਪੰਜਾਬ ਦੀ ਕਾਂਗਰਸ ਨੂੰ ਸਰਗਰਮ ਕਰਕੇ ਸੂਬੇ ਵਿਚ ਕਾਨਫਰੰਸਾਂ ਅਤੇ ਮੀਟਿੰਗਾਂ ਕਰ ਰਹੇ ਹਨ ਉਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਹ ਪੰਜਾਬ ਦੀ ਮੁੱਖ ਵਿਰੋਧੀ ਪਾਰਟੀ ਅਕਾਲੀ ਦਲ ਅਤੇ ਉਸ ਦੀਆਂ ਹਿਮਾਇਤੀ ਪਾਰਟੀਆਂ ਨਾਲ ਦੋ ਦੋ ਹੱਥ ਕਰਨ ਦੇ ਮੂਡ ਵਿਚ ਹਨ।

ਜਾਨਕਾਰ ਹਲਕਿਆਂ ਅਨੁਸਾਰ ਮੁੱਖ ਮੰਤਰੀ ਵਿਧਾਨ ਸਭਾ ਦੀਆਂ ਚੋਣਾਂ ਲੋਕ ਸਭਾ ਦੀਆਂ ਚੋਣਾਂ ਨਾਲ ਇਸ ਲਈ ਕਰਾਉਣਾ ਚਾਹੁੰਦੇ ਹਨ ਤਾਂ ਕਿ ਸਾਰੇ ਕਾਂਗਰਸੀ ਚੋਣਾਂ ਵਿਚ ਰੁਝ ਜਾਣ ਅਤੇ ਉਹ ਇਕ ਦੂਜੇ ਦੀ ਲੱਤ ਨਾ ਖਿਚ ਸਕਣ ਅਤੇ ਇਸ ਦੇ ਨਾਲ ਹੀ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਹੁੰਦਿਆਂ ਆਪਣੇ ਆਦਮੀਆਂ ਨੂੰ ਵੱਧ ਤੋਂ ਵੱਧ ਟਿਕਟਾਂ ਵੀ ਦਿਵਾ ਸਕਣ। ਮੁੱਖ ਮੰਤਰੀ ਇਹ ਸਮਝਦੇ ਹਨ ਕਿ ਜੇਕਰ ਲੋਕ ਸਭਾ ਦੀਆਂ ਇਕਲੀਆਂ ਚੋਣਾਂ ਹੁੰਦੀਆਂ ਹਨ ਅਤੇ ਕਾਂਗਰਸ ਪਾਰਟੀ ਜੇਕਰ ਹਾਰ ਜਾਂਦੀ ਹੈ ਤਾਂ ਉਹਨਾਂ ਨੂੰ ਕਾਂਗਰਸ ਦੀ ਪ੍ਰਧਾਨਗੀ ਫੌਰਨ ਛੱਡਣੀ ਪਵੇਗੀ ? ਇਸ ਦੇ ਨਾਲ ਹੀ ਜੇਕਰ ਕਾਂਗਰਸ ਪਾਰਟੀ ਕੇਂਦਰ ਵਿਚ ਸੱਤਾ ਵਿਚ ਨਾ ਆਈ ਤਾਂ ਪੰਜਾਬ ਦੀ ਵਰਤਮਾਨ ਸਰਕਾਰ ਨੂੰ ਵਿਰੋਧੀ ਸਰਕਾਰ ਤੰਗ ਕਰ ਦੇਵੇਗੀ ? ਅਜਿਹੀ ਸੂਰਤ ਵਿਚ ਉਹਨਾਂ ਕੋਲ ਸਰਕਾਰ ਅਤੇ ਪਾਰਟੀ ਦੋਵੇਂ

ਬਾਕੀ ਸਫਾ 6 ਤੇ

ਬਾਦਲ 'ਤੇ ਟੌਹੜਾ ਵਲੋਂ ਸਰਕਾਰ ਵਿਰੁੱਧ ਜੇਹਾਦ ਛੇੜਨ ਦਾ ਸੱਦਾ

ਪਟਿਆਲਾ, 31 ਅਗਸਤ (ਹੈਰਾਨ) -ਸ਼੍ਰੋਮਣੀ ਅਕਾਲੀ ਦਲ ਵਲੋਂ 'ਕਾਂਗਰਸ ਭਜਾਓ-ਪੰਜਾਬ ਬਚਾਓ' ਦੇ ਪ੍ਰੋਗਰਾਮ ਤਹਿਤ ਆਪਣੀ ਪਲੇਠੀ ਮੀਟਿੰਗ ਜ਼ਿਲ੍ਹਾ ਪਟਿਆਲਾ 'ਚ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਕੀਤੀ ਜੋ ਭਾਰੀ ਬਾਰਸ਼ ਦੇ ਬਾਵਜੂਦ ਵੀ ਵੱਡੇ ਇੱਕਠ ਵਿਚ ਤਬਦੀਲ ਹੋ ਗਈ।

ਇਸ ਮੀਟਿੰਗ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਕੈਪਟਨ ਅਮਰਿੰਦਰ ਸਿੰਘ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ੍ਰ. ਚਰਨਜੀਤ ਸਿੰਘ ਵਾਲੀਆ, ਸ੍ਰ. ਜਗਤਾਰ ਸਿੰਘ ਗਜਲਾ, ਸ੍ਰ. ਜਸਦੇਵ ਸਿੰਘ ਸੰਧੂ, ਸ੍ਰ. ਗੁਰਦੇਵ ਸਿੰਘ ਸਿੱਧੂ, ਕੈਪਟਨ ਕੰਵਲਜੀਤ ਸਿੰਘ, ਸ੍ਰ. ਰਾਜਿੰਦਰ ਸਿੰਘ ਟੌਹੜਾ, ਸ੍ਰ. ਭਾਗ ਸਿੰਘ ਸਾਬਕ ਐਮਐਲਏ. ਸ੍ਰ. ਮਹਿੰਦਰ ਸਿੰਘ ਖਾਨਪੁਰ, ਸ੍ਰ. ਦਰਬਾਰਾ ਸਿੰਘ ਸਿਊਨਾ, ਮਹਿੰਦਰ ਸਿੰਘ ਬਾਗੜੀਆ, ਸ੍ਰ. ਸਰਦਾਰਾ ਸਿੰਘ ਕੋਹਲੀ ਸ੍ਰ. ਸੁਰਜੀਤ ਸਿੰਘ ਕੋਹਲੀ, ਸ੍ਰ. ਪਰਮਜੀਤ ਸਿੰਘ ਸਹੋਲੀ ਆਦਿ ਨੇਤਾਵਾਂ ਨੇ ਸੰਬੋਧਨ ਕੀਤਾ।

ਜ਼ਿਲ੍ਹਾ ਪਟਿਆਲਾ ਦੇ ਅਕਾਲੀ ਵਰਕਰਾਂ ਦੇ ਇੱਕਠ ਨੂੰ ਸੰਬੋਧਨ ਕਰਦਿਆਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਲੋਕਾਂ ਨੂੰ ਪਾਰਲੀਮੈਂਟ ਦੀਆਂ ਚੋਣਾਂ ਦੀ ਤਿਆਰੀ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਹੁਣ ਅਕਾਲੀ ਦਲ ਦੀ ਵੱਡੀ ਜ਼ਿੰਮੇਵਾਰੀ ਇਹ ਹੈ ਕਿ ਕੇਂਦਰ ਵਿਚ ਕਾਂਗਰਸ ਦੀ ਹਕੂਮਤ ਨੂੰ ਆਉਣ ਤੋਂ ਹਰ ਹਾਲਤ ਵਿਚ ਰੋਕਿਆ ਜਾਵੇ ਤਾਂ ਜੋ ਆਪਣੀ ਹਮਾਇਤੀ ਸਰਕਾਰ ਬਣਾ ਕੇ ਦਿੱਲੀ ਸਰਕਾਰ ਤੋਂ ਪੰਜਾਬ ਦੀਆਂ ਲਟਕਦੀਆਂ ਮੰਗਾਂ ਨੂੰ ਮੰਨਵਾਇਆ ਜਾ ਸਕੇ। ਸ੍ਰ. ਬਾਦਲ ਨੇ ਕਿਹਾ ਕਿ ਭਾਵੇਂ ਵੱਡੇ ਅਕਾਲੀ ਲੀਡਰਾਂ ਵਿਚ ਏਕਤਾ ਹੋ ਗਈ ਹੈ। ਪਰ ਹੇਠਲੇ ਪੱਧਰ ਉਤੇ ਵਰਕਰਾਂ ਵਿਚ ਪਾੜਾ ਕਾਇਮ ਹੈ। ਜਿਸ ਨੂੰ ਖ਼ਤਮ ਕਰਨ ਲਈ ਅਕਾਲੀ ਲੀਡਰ ਯਤਨ ਕਰ ਰਹੇ ਹਨ।

ਸ੍ਰ. ਬਾਦਲ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਅਕਾਲੀ ਦਲ ਦੇ ਨਾਲ ਹੋ ਤੁਰਨ ਤਾਂ ਜੋ ਰਾਜ ਵਿਚੋਂ ਭ੍ਰਿਸ਼ਟ ਸਰਕਾਰ ਨੂੰ ਚਲਦਾ ਕੀਤਾ ਜਾਵੇ। ਮੀਟਿੰਗ ਨੂੰ ਐਸ.ਜੀ.ਪੀ.ਸੀ. ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਸਾਹਿਬ ਨੇ ਸੰਬੋਧਨ ਕਰਦਿਆਂ ਜਿਥੇ ਸ੍ਰ. ਬਾਦਲ ਦਾ ਸਵਾਗਤ ਕੀਤਾ ਉਥੇ ਅਕਾਲੀ ਸਰਕਾਰਾਂ ਉਤੇ ਸਤਲੁਜ ਯਮਨਾ ਲਿੰਕ ਨਹਿਰ ਬਣਾਉਣ ਦੇ ਲਈ ਕੇਂਦਰ ਤੋਂ ਪੈਸੇ ਲੈਣ ਦੇ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਜੇਕਰ ਬੇਅੰਤ ਸਿੰਘ ਸਰਕਾਰ ਲਿੰਕ ਨਹਿਰ ਦੇ ਪਾਣੀਆਂ ਨੂੰ ਰੋਕਣ ਲਈ ਆਪਣੇ ਆਪ ਨੂੰ ਹੱਕ ਵਿਚ ਸਮਝਦੀ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਪੰਜਾਬ ਨਾਲ ਪਾਣੀਆਂ ਦੇ ਪਹਿਲੇ ਕੀਤੇ ਸਾਰੇ ਫੈਸਲਿਆਂ ਜੋ ਮੁੱਖ ਮੰਤਰੀਆਂ ਅਤੇ ਪ੍ਰਧਾਨ ਮੰਤਰੀਆਂ ਦੇ ਐਵਾਰਡਾਂ ਨਾਲ ਹੋਏ ਨੂੰ ਰੱਦ ਕੀਤਾ ਜਾਵੇ। ਉਨ੍ਹਾਂ ਵਲੋਂ ਮੰਗ ਕੀਤੀ ਗਈ ਕਿ ਸੁਪਰੀਮ ਕੋਰਟ ਵਿਚ ਰੱਦ ਕੀਤੀ ਜਾਵੇ।

ਟੌਹੜਾ ਸਾਹਿਬ ਨੇ ਬੇਅੰਤ ਸਿੰਘ ਸਰਕਾਰ ਵਲੋਂ ਕਿਸਾਨਾਂ ਨੂੰ ਦਿੱਤੀ ਗਈਆਂ ਰਿਆਇਤਾਂ ਨੂੰ ਫਰਾਡ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਸਰਕਾਰ ਭੇਖੀ ਸੰਤਾਂ ਰਾਹੀ ਗੁਰਦੁਆਰਿਆਂ ਉਤੇ ਕਬਜੇ ਕਰਨ ਦਾ ਯਤਨ ਕਰ ਰਹੀ ਹੈ ਅਤੇ ਇਸੇ ਕੜੀ ਦੇ ਤਹਿਤ ਅਖੌਤੀ ਸੰਤਾਂ ਦੇ ਨਾਂ ਹੇਠ ਸ੍ਰੀ ਹੇਮਕੁੰਟ ਸਾਹਿਬ ਨੂੰ ਸੜਕ ਬਨਾਉਣ ਦੇ ਐਲਾਨ ਕੀਤੇ ਗਏ ਹਨ। ਜ. ਟੌਹੜਾ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਿ ਜੋਸੀ ਅੰਮ੍ਰਿਤਸਰ ਵਿਖੇ ਮਹਾਨ ਵਿਸ਼ਵ ਸਿੱਖ ਸੰਮੇਲਨ 21 ਤੋਂ 25 ਸਤੰਬਰ 95 ਨੂੰ ਸ਼੍ਰੋਮਣੀ ਗੁ. ਪ੍ਰ. ਕਮੇਟੀ ਵਲੋਂ ਕੀਤਾ ਜਾ ਰਿਹਾ ਹੈ। ਉਸ ਵਿਚ ਦੇਸ਼ ਬਦੇਸ਼ ਦੇ ਸਿੱਖ ਬੁਧੀਜੀਵੀਆਂ ਤੇ ਵਿਦਵਾਨਾਂ ਨੂੰ ਪੱਤਰਾਂ ਰਾਹੀ ਬੇਨਤੀ ਕੀਤੀ ਗਈ ਹੈ ਅਤੇ ਵਿਦੇਸ਼ਾਂ ਤੋਂ ਹਜ਼ਾਰਾਂ ਦੀ

ਬਾਕੀ ਸਫਾ 6 ਤੇ

079.545 NA N5.9
M236, N5.9

Regd. No. (Pb) [illegible]-19 ਜਿਲਦ ਨੰ: 44 ਅੰਕ ਨੰ: 94 Gram : Nawan Zaman ਪੋਸਟ ਬਾਕਸ ਨੰ: 134

ਧਰਮ ਨਿਰਪੱਖਤਾ ਤੇ ਜਮਹੂਰੀਅਤ ਦੀ ਆਵਾਜ਼

ਨਵਾਂ ਜ਼ਮਾਨਾ

ਮੁੱਖ ਸੰਪਾਦਕ-ਜਗਜੀਤ ਸਿੰਘ ਆਨੰਦ (ਫ਼ੋਨ) ਘਰ-271303, ਦਫ਼ਤਰ-225595

ਸ਼ੁੱਕਰਵਾਰ, 1 ਸਤੰਬਰ 1995 ਫੋਨ- ਪ੍ਰਬੰਧਕੀ ਵਿਭਾਗ-220290, 230466, 230566 ਸਮਾਚਾਰ ਵਿਭਾਗ-227346 ਫੈਕਸ-235771

ਪਾਰਲੀਮਾਨੀ ਕੌਂਸਲ 'ਚ ਕਸ਼ਮੀਰ ਮੁੱਦਾ ਉਠਾਉਣ ਦੇ ਪਾਕੀ ਯਤਨਾਂ ਦਾ ਭਾਰਤ ਵੱਲੋਂ ਤਿੱਖ[illegible]ਗਾਂ

ਸੰਯੁਕਤ ਰਾਸ਼ਟਰ, 31 ਅਗਸਤ (ਪੀ.ਟੀ.ਆਈ.)-ਭਾਰਤ ਨੇ ਪਾਕਿਸਤਾਨ ਵੱਲੋਂ ਅੰਤਰ-ਸੰਸਦੀ ਕੌਂਸਲ ਦੀ ਆਮ ਬੈਠਕ ਵਿਚ ਕਸ਼ਮੀਰ ਦਾ ਮਸਲਾ ਉਠਾਉਣ 'ਤੇ ਤਿੱਖਾ ਇਤਰਾਜ਼ ਕੀਤਾ ਹੈ।

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸ੍ਰੀ ਅਟਲ ਬਿਹਾਰੀ ਵਾਜਪਾਈ ਪਾਕਿਸਤਾਨੀ ਬਿਆਨ ਦਾ ਅੱਜ ਜਵਾਬ ਦੇਣਗੇ, ਜਿਸ ਵਿਚ ਕਿਹਾ ਗਿਆ ਸੀ ਕਿ ਕਸ਼ਮੀਰ ਬਾਰੇ ਸੁਰੱਖਿਆ ਕੌਂਸਲ ਦਾ ਮਤਾ ਲਾਗੂ ਨਾ ਕਰਨ ਕਰਕੇ ਦੱਖਣ ਏਸ਼ੀਆਈ ਖਿੱਤੇ ਦੀ ਸੁਰੱਖਿਆ ਨੂੰ ਲਗਾਤਾਰ ਖ਼ਤਰਾ ਬਣਿਆ ਹੋਇਆ ਹੈ।

ਪਾਕਿਸਤਾਨ ਨੈਸ਼ਨਲ ਅਸੰਬਲੀ ਦੇ ਸਪੀਕਰ ਸਈਅਦ ਯੂਸਫ਼ ਰਜ਼ਾ ਗਿਲਾਨੀ ਨੇ ਕੱਲ੍ਹ ਕੌਂਸਲ ਨੂੰ ਸੰਬੋਧਨ ਕਰਦਿਆਂ ਸੰਯੁਕਤ ਰਾਸ਼ਟਰ, ਅੰਤਰ-ਰਾਸ਼ਟਰੀ ਭਾਈਚਾਰੇ ਅਤੇ ਸੰਸਦ ਮੈਂਬਰਾਂ ਨੂੰ ਕਸ਼ਮੀਰੀ ਕਾਜ਼ ਦੀ ਹਮਾਇਤ ਕਰਨ ਲਈ ਕਿਹਾ।

ਕਸ਼ਮੀਰ ਵਿੱਚ ਜਬਰਾਂ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਸੁਰੱਖਿਆ ਕੌਂਸਲ ਦੇ ਮਤੇ ਅਨੁਸਾਰ ਭਾਰਤ 'ਤੇ ਜੰਮੂ ਕਸ਼ਮੀਰ ਵਿਚ ਸ਼ਾਂਤੀਪੂਰਨ ਸੈਟਲਮੈਂਟ ਲਈ ਜ਼ੋਰ ਪਾਇਆ ਜਾਣਾ ਚਾਹੀਦਾ ਹੈ।

ਜਦੋਂ ਸ੍ਰੀ ਗਿਲਾਨੀ ਨੇ ਆਪਣਾ ਭਾਸ਼ਣ ਖ਼ਤਮ ਕੀਤਾ ਤਾਂ ਭਾਰਤੀ ਵਫ਼ਦ ਨੇ ਪਾਕਿਸਤਾਨ ਵੱਲੋਂ ਕਸ਼ਮੀਰ ਮੁੱਦਾ ਉਠਾਉਣ 'ਤੇ ਇਤਰਾਜ਼ ਕੀਤਾ ਅਤੇ ਮੰਗ ਕੀਤੀ ਕਿ ਉਨ੍ਹਾਂ ਨੂੰ ਇਸ ਗੱਲ ਦਾ ਉੱਤਰ ਦੇਣ ਦੀ ਆਗਿਆ ਦਿੱਤੀ ਜਾਵੇ।

ਸੰਯੁਕਤ ਰਾਸ਼ਟਰ ਦੀ ਮੀਟਿੰਗ-ਦਸਤਾਂ ਨੂੰ ਜਵਾਬ ਦੇਣ ਦਾ ਅਧਿਕਾਰ ਦਲੀਆਂ ਆਈ.ਪੀ.ਸੀ. ਵੱਲੋਂ ਜਿਹੜੇ ਅਸੂਲ ਦਿਆ ਗਏ ਸਨ, ਉਸ ਵਿਚ ਇਸ ਗੱਲ ਦੀ ਮਨਜ਼ੂਰੀ ਨਹੀਂ ਦਿੱਤੀ ਗਈ ਸੀ।

ਭਾਰਤੀ ਵਫ਼ਦ ਦੇ ਆਗੂ ਸ੍ਰੀ ਸ਼ਿਵਰਾਜ ਪਾਟਿਲ ਸ੍ਰੀ ਗਿਲਾਨੀ ਤੋਂ ਪਹਿਲਾਂ ਹੀ ਮੀਟਿੰਗ ਨੂੰ ਸੰਬੋਧਨ ਕਰ ਚੁੱਕੇ ਸਨ ਜਦੋਂਕਿ ਸ੍ਰੀ ਵਾਜਪਾਈ ਨੇ ਅੱਜ ਸੰਬੋਧਨ ਕਰਨਾ ਹੈ।

ਮੁੱਖ ਮੰਤਰੀ ਬੇਅੰਤ ਸਿੰਘ ਦੀ ਕਾਰ ਬੰਬ ਧਮਾਕੇ 'ਚ ਹੱਤਿਆ

40260 ਪੰਜਾਬੀ ਰੈਫਰੈਂਸ ਲਾਇਬ੍ਰੇਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ 14.09.5[illegible]

ਚੰਡੀਗੜ੍ਹ, 31 ਅਗਸਤ (ਵੀ.ਕੇ. ਸ਼ਰਮਾ, ਏਜੰਸੀਆਂ)—ਅੱਜ ਸ਼ਾਮੀਂ ਪੰਜਾਬ ਅਤੇ ਹਰਿਆਣਾ ਸਿਵਲ ਸਕੱਤਰੇਤ ਦੇ ਮੁੱਖ ਗੇਟ 'ਤੇ ਹੋਏ ਜ਼ਬਰਦਸਤ ਬੰਬ ਧਮਾਕੇ ਕਾਰਨ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਮੌਤ ਹੋ ਗਈ। ਉਨ੍ਹਾਂ ਤੋਂ ਇਲਾਵਾ ਇਸ ਧਮਾਕੇ ਵਿੱਚ ਦੋ ਪੀ.ਏ., ਐੱਨ.ਐੱਸ. ਜੀ ਦੇ ਤਿੰਨ ਕਮਾਂਡੋ ਅਤੇ ਸੱਤ ਹੋਰ ਸੁਰੱਖਿਆ ਮੁਲਾਜ਼ਮ ਮਾਰੇ ਗਏ ਅਤੇ 23 ਹੋਰ ਜ਼ਖ਼ਮੀ ਹੋ ਗਏ।

ਸੂਤਰਾਂ ਅਨੁਸਾਰ ਇਹ ਧਮਾਕਾ 17.05 ਦੇ ਕਰੀਬ ਉਸ ਵੇਲੇ ਹੋਇਆ ਜਦੋਂ ਮੁੱਖ ਮੰਤਰੀ ਦੇ ਕਾਫ਼ਲੇ ਦੀ ਪਾਇਲਟ ਕਾਰ ਨੇ ਚੱਲਣਾ ਸ਼ੁਰੂ ਕੀਤਾ।

ਧਮਾਕੇ ਤੋਂ ਬਾਅਦ ਕਾਰ ਨੂੰ ਅੱਗ ਲੱਗ ਗਈ। ਇਸ ਦੌਰਾਨ ਦੋ ਹੋਰ ਕਾਰਾਂ ਵੀ ਅੱਗ ਦੀ ਲਪੇਟ ਵਿੱਚ ਆ ਗਈਆਂ।

ਧਮਾਕੇ ਕਾਰਨ 9 ਮੰਜ਼ਲੇ ਸਿਵਲ ਸਕੱਤਰੇਤ ਦੇ ਸਾਰੇ ਸ਼ੀਸ਼ੇ ਟੁੱਟ ਗਏ। ਧਮਾਕੇ ਵਾਲੀ ਥਾਂ 'ਤੇ ਮਾਸ ਦੇ ਟੁਕੜੇ ਅਤੇ ਲੱਤਾਂ ਬਾਹਾਂ ਖਿਲਰੀਆਂ ਪਈਆਂ ਸਨ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਦੀ ਕਾਰ ਦੇ ਨੇੜੇ ਪੁਜੀਸ਼ਨਾਂ ਲੈ ਕੇ ਖੜੇ ਤਿੰਨ ਕਮਾਂਡੋ 'ਤੇ ਤਾਇਨਾਤ ਪੰਜ ਹੋਰ ਸੁਰੱਖਿਆ ਮੁਲਾਜ਼ਮ ਅਤੇ ਕੁਝ ਸਿਵਲੀਅਨ ਵੀ ਮਾਰੇ ਗਏ।

ਧਮਾਕੇ ਤੋਂ ਬਾਅਦ ਗੱਡੀਆਂ ਵਿੱਚੋਂ ਕਾਲਾ ਧੂੰਆਂ ਅਤੇ ਅੱਗ ਦੀਆਂ ਲਪਟਾਂ ਨਿਕਲਣੀਆਂ ਸ਼ੁਰੂ ਹੋ ਗਈਆਂ।

ਸੀਨੀਅਰ ਪੁਲਸ ਅਧਿਕਾਰੀਆਂ ਅਨੁਸਾਰ ਉੱਚ ਧਮਾਕਾਖੇਜ਼ ਪਦਾਰਥ ਆਰ.ਡੀ. ਐਕਸ ਮੁੱਖ ਮੰਤਰੀ ਦੀ ਕਾਰ ਵਿੱਚ ਫਿੱਟ ਕੀਤਾ ਹੋਇਆ ਸੀ। ਧਮਾਕਾ ਉਸ ਵੇਲੇ ਹੋਇਆ ਜਦੋਂ ਉਹ ਆਪਣੇ ਦਫ਼ਤਰ ਵਿੱਚ ਮੀਟਿੰਗਾਂ ਕਰਨ ਤੋਂ ਬਾਅਦ ਜਾਣ ਲਈ ਕਾਰ ਵਿੱਚ ਬੈਠੇ।

ਧਮਾਕਾ ਏਨਾ ਜ਼ਬਰਦਸਤ ਸੀ ਕਿ ਬੁਲਟ ਪਰੂਫ਼ ਕਾਰ ਦੇ ਫੁਸਤੇ-ਫੁਸਤੇ ਉੱਡ ਗਏ। ਕਾਲੇ ਧੂੰਏਂ ਕਾਰਨ ਸਕੱਤਰੇਤ ਦੀ ਇਮਾਰਤ ਤੋਂ ਕਾਫ਼ੀ ਚਿਰ ਕੁਝ ਵੀ ਵਿਖਾਈ ਨਾ ਦਿੱਤਾ।

ਸਿਵਲ ਸਕੱਤਰੇਤ ਵਿੱਚ ਇਹ ਦੂਜਾ ਬੰਬ ਧਮਾਕਾ ਹੈ, ਪਹਿਲਾ ਬੰਬ ਧਮਾਕਾ ਤਿੰਨ ਸਾਲ ਪਹਿਲਾਂ ਹੋਇਆ ਸੀ, ਉਸ ਵੇਲੇ ਬੰਬ ਮੁੱਖ ਮੰਤਰੀ ਦੇ ਦਫ਼ਤਰ ਨੇੜੇ ਇੱਕ ਸਾਈਕਲ ਦੇ ਪਿੱਛੇ ਰੱਖਿਆ ਹੋਇਆ ਸੀ।

ਸੂਤਰਾਂ ਅਨੁਸਾਰ ਅੱਗ ਬੁਝਾਊ ਅਮਲੇ ਨੇ ਇੱਕ ਦਮ ਅੱਗ 'ਤੇ ਕਾਬੂ ਪਾ ਲਿਆ।

ਧਮਾਕੇ ਤੋਂ ਇੱਕ ਦਮ ਬਾਅਦ ਪੰਜਾਬ ਪੁਲਸ ਦੇ ਮੁਖੀ ਕੇ.ਪੀ.ਐੱਸ. ਗਿੱਲ ਅਤੇ ਡਾਇਰੈਕਟਰ ਜਨਰਲ ਆਫ ਪੁਲਸ (ਇੰਟੈਲੀਜੈਂਸ) ਓ.ਪੀ. ਸ਼ਰਮਾ ਘਟਨਾ ਵਾਲੀ ਥਾਂ ਪਹੁੰਚ ਗਏ।

ਧਮਾਕੇ ਵਿੱਚ ਜ਼ਖ਼ਮੀ ਹੋਏ 23 ਵਿਅਕਤੀਆਂ ਨੂੰ ਪੀ.ਜੀ.ਆਈ. ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜ਼ਖ਼ਮੀਆਂ ਵਿੱਚ ਇਕ ਵਿਧਾਇਕ ਬਲਦੇਵ ਸਿੰਘ ਪੱਕਾ ਕਲਾਂ ਵੀ ਸ਼ਾਮਲ ਹੈ। ਮੁੱਖ ਮੰਤਰੀ ਦੀ ਸੁਰੱਖਿਆ ਦੇ ਤਿੰਨ ਬਲੈਕ ਕੈਟ ਕਮਾਂਡੋਜ਼ ਦੀ ਵੀ ਉਨ੍ਹਾਂ ਨਾਲ ਹੀ ਮੌਤ ਹੋ ਗਈ, ਜਿਨ੍ਹਾਂ ਦੀਆਂ ਲਾਸ਼ਾਂ ਵੀ ਪੀ.ਜੀ.ਆਈ. ਲਿਆਂਦੀਆਂ ਗਈਆਂ।

ਜ਼ਖ਼ਮੀ ਹੋਏ 15 ਵਿਅਕਤੀਆਂ ਨੂੰ ਜਨਰਲ ਹਸਪਤਾਲ ਲਿਆਂਦਾ ਗਿਆ, ਜਿਨ੍ਹਾਂ ਵਿੱਚੋਂ 15 ਨੂੰ ਦਾਖ਼ਲ ਕਰ ਲਿਆ ਅਤੇ 6 ਦਾ ਓ.ਪੀ.ਡੀ. ਵਿੱਚ ਇਲਾਜ ਕੀਤਾ ਗਿਆ।

ਬੰਬ ਧਮਾਕਾ ਏਨਾ ਸ਼ਕਤੀਸ਼ਾਲੀ ਸੀ ਕਿ ਵੀ.ਆਈ.ਪੀ. ਗੇਟ ਦੇ ਪੋਰਚ ਦੀ ਕੰਧ ਨੂੰ ਵੀ ਨੁਕਸਾਨ ਪੁੱਜਿਆ ਹੈ।

ਅੱਖੀਂ ਵੇਖਣ ਵਾਲਿਆਂ ਅਨੁਸਾਰ ਬੰਬ ਧਮਾਕੇ ਵਿੱਚ ਸਿਵਲ ਸਕੱਤਰੇਤ ਦੇ ਅਹਾਤੇ ਵਿੱਚ ਇਕਦਮ ਭਗਦੜ ਮੱਚ ਗਈ ਸੀ ਕਿਉਂਕਿ ਉੱਥੇ ਛੁੱਟੀ ਦਾ ਵੇਲਾ ਹੋਣ ਕਾਰਨ ਮੁਲਾਜ਼ਮ ਬਾਹਰ ਖੜੇ ਹੋਏ ਸਨ।

ਸ: ਬੇਅੰਤ ਸਿੰਘ ਦੇ ਇਸ ਬੰਬ ਧਮਾਕੇ ਵਿੱਚ ਮਾਰੇ ਜਾਣ ਦੇ ਸੋਗ ਵਜੋਂ ਪੰਜਾਬ ਸਰਕਾਰ ਵੱਲੋਂ ਰਾਜ ਵਿਚ ਸੱਤ ਦਿਨਾਂ ਦਾ ਸੋਗ ਰੱਖਣ ਦਾ ਫ਼ੈਸਲਾ ਕੀਤਾ ਹੈ।

ਦਿੱਲੀ 'ਚ ਚੌਕਸੀ—ਦਿੱਲੀ ਪੁਲਸ ਨੇ ਚੰਡੀਗੜ੍ਹ ਵਿਖੇ ਹੋਏ ਸ਼ਕਤੀਸ਼ਾਲੀ ਬੰਬ ਧਮਾਕੇ, ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਮਾਰੇ ਗਏ ਹਨ, ਮਗਰੋਂ ਅੰਤ ਚੌਕਸੀ ਕਰ ਦਿੱਤੀ ਹੈ।

ਦਿੱਲੀ ਪੁਲਸ ਦੇ ਕਮਿਸ਼ਨਰ ਸ੍ਰੀ ਨਿਖਿਲ ਕੁਮਾਰ ਨੇ ਕਿਹਾ, "ਅਸੀਂ ਪੂਰੀ ਤਰ੍ਹਾਂ ਚੌਕਸ ਹਾਂ। ਬੰਬ ਧਮਾਕੇ ਤੋਂ ਮਗਰੋਂ ਰਾਜਧਾਨੀ ਵਿੱਚ ਇਕ ਉੱਚ-ਪੱਧਰੀ ਮੀਟਿੰਗ ਵਿੱਚ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

ਰੈੱਡ ਅਲਰਟ—ਬੰਬ ਧਮਾਕੇ ਤੋਂ ਮਗਰੋਂ ਪੰਜਾਬ, ਹਰਿਆਣਾ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਵਿੱਚ ਰੈੱਡ ਅਲਰਟ ਕੀਤਾ ਗਿਆ ਹੈ।

ਚੰਡੀਗੜ੍ਹ ਪੁਲਸ ਨੇ ਦਹਿਸ਼ਤਗਰਦਾਂ ਦੇ ਬਚ ਕੇ ਨਿਕਲਣ ਤੋਂ ਸਮੁੱਚੇ ਚੰਡੀਗੜ੍ਹ ਨੂੰ ਸੀਲ ਕਰ ਦਿੱਤਾ ਗਿਆ ਹੈ ਤੇ ਚਾਰੇ ਪਾਸੇ ਨਾਕੇ ਲਾ ਦਿੱਤੇ ਹਨ ਅਤੇ ਸਾਰੇ ਵਹੀਕਲਾਂ ਦੀ ਸਖ਼ਤ ਚੈਕਿੰਗ ਕੀਤੀ ਜਾ ਰਹੀ ਹੈ।

ਸ਼ਹਿਰ ਅਤੇ ਦੋਵਾਂ ਰਾਜਾਂ ਵਿੱਚ ਗਸ਼ਤ ਵਧਾ ਦਿੱਤੀ ਹੈ। ਸ੍ਰੀ ਬੇਅੰਤ ਸਿੰਘ ਦੇ ਜੱਦੀ ਜ਼ਿਲ੍ਹੇ ਲੁਧਿਆਣਾ 'ਚ ਵੀ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

ਪੰਜਾਬ ਸਰਕਾਰ ਨੇ ਸਾਰੇ ਜ਼ਿਲ੍ਹਿਆਂ 'ਚ ਚੌਕਸੀ ਵਧਾ ਦਿੱਤੀ ਹੈ

ਬੰਬ ਧਮਾਕੇ ਵਾਲੀ ਥਾਂ 'ਤੇ ਬਹੁਤ ਹੀ ਜ਼ਿਆਦਾ ਦਰਦਨਾਕ ਦ੍ਰਿਸ਼ ਸੀ, ਆਲੇ-ਦੁਆਲੇ ਮਨੁੱਖੀ ਮਾਸ ਖਿਲਰਿਆ ਪਿਆ ਸੀ।

ਮੁੱਖ ਮੰਤਰੀ ਨਾਲ ਮਾਰੇ ਗਏ 9 ਕਮਾਂਡੋਜ਼ ਦੀਆਂ ਲਾਸ਼ਾਂ ਬੁਰੀ ਤਰ੍ਹਾਂ ਅੱਗ ਨਾਲ ਝੁਲਸੀਆਂ ਹੋਈਆਂ ਸਨ, ਜੋ ਬੁਰੀ ਤਰ੍ਹਾਂ ਬੇਪਛਾਣ ਸਨ।

10 ਮੰਜ਼ਲੀ ਸਕੱਤਰੇਤ ਦੀ ਇਮਾਰਤ ਵਿਚੋਂ ਅੱਠ ਮੰਜ਼ਲਾਂ ਦੇ ਸ਼ੀਸ਼ੇ ਪੂਰੀ ਤਰ੍ਹਾਂ ਟੁੱਟ ਗਏ। ਦਫ਼ਤਰ ਵਿਚ ਲੱਗੀਆਂ ਘੜੀਆਂ 17.13 ਵਜੇ ਖੜੀਆਂ ਹੋ ਗਈਆਂ, ਜਿਸ ਤੋਂ ਪਤਾ ਚਲਦਾ ਹੈ ਕਿ ਇਹ ਧਮਾਕਾ 17.13 ਵਜੇ ਹੋਇਆ।

ਧਮਾਕੇ ਤੋਂ ਇਕਦਮ ਬਾਅਦ ਭੰਬਲਭੂਸਾ ਪੈਦਾ ਹੋ ਗਿਆ, ਜਿਸ ਕਾਰਨ ਪੁਲਸ ਕੁਝ ਸਮੇਂ ਤੱਕ ਇਲਾਕੇ ਦੀ ਘੇਰਾਬੰਦੀ ਨਾ ਕਰ ਸਕੀ।

ਇਹ ਬੰਬ ਇਕ ਕਾਰ ਦੀ ਡਿੱਕੀ ਵਿਚ ਫਿੱਟ ਕੀਤਾ ਹੋਇਆ ਸੀ ਜੋ ਉਨ੍ਹਾਂ ਤਿੰਨ ਵੀ.ਆਈ.ਪੀ. ਕਾਰਾਂ ਵਿਚ ਖੜੀ ਸੀ, ਜਿਨ੍ਹਾਂ

(ਬਾਕੀ ਸਫ਼ਾ 6 'ਤੇ)

ਉੱਚ ਪੱਧਰੀ ਮੀਟਿੰਗ 'ਚ ਪੰਜਾਬ ਦੀ ਸਥਿਤੀ ਦਾ ਜਾਇਜ਼ਾ

ਨਵੀਂ ਦਿੱਲੀ, 31 ਅਗਸਤ (ਪੀ.ਟੀ.ਆਈ.)-ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਹੱਤਿਆ ਤੋਂ ਬਾਅਦ ਪੈਦਾ ਹੋਈ ਸਥਿਤੀ ਦਾ ਕੇਂਦਰੀ ਗ੍ਰਹਿ ਮੰਤਰਾਲੇ ਦੀ ਉੱਚ ਪੱਧਰੀ ਮੀਟਿੰਗ ਵਿੱਚ ਜਾਇਜ਼ਾ ਲਿਆ ਗਿਆ।

ਕੇਂਦਰੀ ਗ੍ਰਹਿ ਮੰਤਰੀ ਸ੍ਰੀ ਐੱਸ.ਬੀ. ਚਵਾਨ ਨੇ ਪੰਜਾਬ ਦੇ ਰਾਜਪਾਲ ਲੈਫਟੀਨੈਂਟ ਜਨਰਲ ਛਿੱਬਰ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਸ੍ਰੀ ਚਵਾਨ ਨੇ ਮੰਤਰਾਲੇ ਦੇ ਵਿਸ਼ੇਸ਼ ਸਕੱਤਰ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ। ਗ੍ਰਹਿ ਮੰਤਰੀ ਨੇ ਮਦੂਰਾਇ ਦੌਰੇ 'ਤੇ ਗਏ ਪ੍ਰਧਾਨ ਮੰਤਰੀ ਸ੍ਰੀ ਪੀ.ਵੀ. ਨਰਸਿਮ੍ਹਾ ਰਾਓ ਨਾਲ ਵੀ ਸੰਪਰਕ ਬਣਾਇਆ ਹੋਇਆ ਹੈ।

ਕਾਨੂੰਨ ਵਿਵਸਥਾ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਚੌਕਸ ਕਰ ਦਿੱਤਾ ਗਿਆ ਹੈ।

ਹਰਚਰਨ ਸਿੰਘ ਬਰਾੜ ਨੇ ਕਾਰਜਕਾਰੀ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

ਚੰਡੀਗੜ੍ਹ, 31 ਅਗਸਤ (ਯੂ. ਐੱਨ. ਆਈ.)—ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਐੱਚ.ਐੱਸ. ਬਰਾੜ ਨੇ ਅੱਜ ਕਾਰਜਕਾਰੀ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ।

ਉਨ੍ਹਾਂ ਨੂੰ ਸਰਕਾਰੀ ਭੇਦ ਗੁਪਤ ਰੱਖਣ ਦੀ ਸਹੁੰ ਅੱਜ ਸ਼ਾਮੀ ਰਾਜਪਾਲ ਜਨਰਲ ਬੀ.ਕੇ.ਐੱਨ. ਛਿੱਬਰ ਨੇ ਚੁਕਾਈ।

ਸ੍ਰੀ ਬਰਾੜ ਸ੍ਰੀ ਬੇਅੰਤ ਸਿੰਘ ਦੀ ਥਾਂ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ, ਜਿਨ੍ਹਾਂ ਦਾ ਅੱਜ ਸ਼ਾਮੀ ਇਕ ਸ਼ਕਤੀਸ਼ਾਲੀ ਬੰਬ ਧਮਾਕੇ ਵਿੱਚ ਦੇਹਾਂਤ ਹੋ ਗਿਆ।

ਸਹੁੰ ਚੁੱਕ ਸਮਾਗਮ ਦੇ ਮੌਕੇ 'ਤੇ ਸ੍ਰੀ ਬੇਅੰਤ ਸਿੰਘ ਦੇ ਕੁਝ ਮੰਤਰੀ ਸਾਥੀ ਅਤੇ ਕੁਝ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਆਹ ! ਸ੍ਰ: ਬੇਅੰਤ ਸਿੰਘ

ਮੁੱਖ ਮੰਤਰੀ ਸ. ਬੇਅੰਤ ਸਿੰਘ ਦੀ ਸਿਵਲ ਸਕੱਤਰੇਤ ਦੇ ਮੁੱਖ ਵੀ.ਆਈ.ਪੀ. ਦੁਆਰ ਸਾਹਮਣੇ ਹੋਏ ਬੰਬ ਧਮਾਕੇ ਨਾਲ ਹੋਈ ਮੌਤ ਦੀ ਦੁੱਖਦਾਈ ਖ਼ਬਰ ਨਾਲ ਪੰਜਾਬ ਦੇ ਅਮਨ ਦੇ ਹੀ ਨਹੀਂ ਸਗੋਂ ਦੇਸ਼ ਦੀ ਏਕਤਾ ਤੇ ਅਖੰਡਤਾ ਦੀਆਂ ਹਾਮੀ ਸ਼ਕਤੀਆਂ ਨੂੰ ਲਾਜ਼ਮੀ ਹੀ ਅਤਿ ਦੁੱਖ ਪੁੱਜਾ ਹੈ। ਪਰ ਉਨ੍ਹਾਂ ਦੀ ਅਫ਼ਸੋਸਨਾਕ ਮੌਤ ਦਾ ਇੱਕ ਹੋਰ ਪਹਿਲੂ ਇਹ ਵੀ ਹੈ ਕਿ ਉਹ ਆਪਣੀ ਹੀ ਅਤਿ ਦਰਜੇ ਦੀ ਸੁਰੱਖਿਆ ਵਾਲੀ ਕਾਰ ਵਿੱਚ ਹੋਏ ਬੰਬ ਵਿਸਫੋਟ ਨਾਲ ਮੌਤ ਦੇ ਮੂੰਹ ਵਿੱਚ ਚਲੇ ਗਏ।

ਸ: ਬੇਅੰਤ ਸਿੰਘ ਨੇ ਆਪਣੇ ਦ੍ਰਿੜ੍ਹ ਸੰਕਲਪ ਦੇ ਬਲਬੂਤੇ ਲੋਕਾਂ ਤੇ ਸੁਰੱਖਿਆ ਬਲਾਂ ਦੇ ਸਹਿਯੋਗ ਨਾਲ ਸ਼ਾਸਨ ਭਾਰ ਸੰਭਾਲਣ ਤੋਂ ਥੋੜ੍ਹੇ ਅਰਸੇ ਦੌਰਾਨ ਰਾਜ ਦੇ ਲੋਕਾਂ ਨੂੰ ਵੱਖਵਾਦੀ ਜਰਵਾਣਿਆਂ ਤੋਂ ਮੁਕਤੀ ਹਾਸਲ ਕਰਵਾ ਦਿੱਤੀ ਸੀ। ਬਿਦੇਸ਼ੀ ਤਾਕਤਾਂ ਦੇ ਇਸ਼ਾਰਿਆਂ 'ਤੇ ਮੌਤ ਦਾ ਨੰਗਾ ਨਾਚ ਨੱਚਣ ਵਾਲੇ ਦਹਿਸ਼ਤਗਰਦ ਦੇਸ਼ ਦੀ ਏਕਤਾ ਨੂੰ ਖੇਰੂੰ-ਖੇਰੂੰ ਕਰਨ ਲਈ ਤੁਲੇ ਹੋਏ ਸਨ। ਉਸ ਸਮੇਂ ਜਦ ਚਾਰੇ ਪਾਸੇ ਵੱਖਵਾਦੀ ਦਹਿਸ਼ਤਗਰਦਾਂ ਨੇ ਮਾਸੂਮ ਲੋਕਾਂ ਤੇ ਆਪਣੇ ਰਾਜਸੀ ਵਿਰੋਧੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਸਮੁੱਚੀ ਲੋਕਾਈ ਨੂੰ ਬੇਜ਼ਬਾਨ ਕਰਨ ਦੀ ਆਪਣੀ ਮੁਹਿੰਮ ਛੇੜੀ ਹੋਈ ਸੀ।

ਤਦ ਵੀ ਸ: ਬੇਅੰਤ ਸਿੰਘ ਨੇ ਕਾਂਗਰਸ ਪਾਰਟੀ ਦੇ ਪ੍ਰਧਾਨ ਹੋਣ ਦੇ ਨਾਤੇ ਦਹਿਸ਼ਤਗਰਦਾਂ ਦੇ ਜ਼ੁਲਮਾਂ ਦੇ ਸ਼ਿਕਾਰ ਰਾਜਸੀ ਤੇ ਆਮ ਲੋਕਾਂ ਦੇ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਕਦੇ ਕੋਈ ਕਮਜ਼ੋਰੀ ਨਹੀਂ ਵਿਖਾਈ। ਉਹ ਦਹਿਸ਼ਤਗਰਦੀ ਦੇ ਸ਼ਿਕਾਰ ਲੋਕਾਂ ਦੇ ਭੋਗਾਂ 'ਤੇ ਪੁੱਜ ਕੇ ਲੋਕਾਂ ਨੂੰ ਢਾਰਸ ਤੇ ਹੌਸਲਾ ਬਣਾਉਣ ਦਾ ਕਾਰਜ ਅਣਥੱਕ ਰੂਪ ਵਿੱਚ ਕਰਦੇ ਰਹੇ। ਇਹ ਉਨ੍ਹਾਂ ਦਾ ਅਜ਼ਮ ਦਾ ਹੀ ਸਿੱਟਾ ਸੀ ਕਿ ਉਨ੍ਹਾਂ ਨੇ ਰਾਜ ਭਾਗ ਸੰਭਾਲਣ ਦੇ ਕੁਝ ਹੀ ਸਮੇਂ ਦੌਰਾਨ ਦਹਿਸ਼ਤਗਰਦਾਂ ਨੂੰ ਲੱਕ ਭੰਨਵੀਂ ਹਾਰ ਦਿਤੀ। ਉਨ੍ਹਾਂ ਜਮਹੂਰੀਅਤ ਨੂੰ ਹੇਠਲੀਆਂ ਪੱਧਰਾਂ ਤੱਕ ਬਹਾਲ ਕਰਕੇ ਲੋਕਾਂ ਦੀ ਲੋਕਤੰਤਰ ਵਿੱਚ ਭਾਈਵਾਲੀ ਨੂੰ ਹੋਰ ਵੀ ਵਿਸ਼ਾਲਤਾ ਪ੍ਰਦਾਨ ਕੀਤੀ। ਰਾਜ ਵਿੱਚ ਮੁੜ ਖ਼ੁਸ਼ੀਆਂ ਖੇੜਿਆਂ ਦਾ ਵਾਤਾਵਰਨ ਰੁਮਕਣ ਲੱਗਾ। ਉਹ ਵਾਰ-ਵਾਰ ਰਾਜ ਦੇ ਲੋਕਾਂ ਨੂੰ ਦਹਿਸ਼ਤਗਰਦਾਂ ਦੇ ਮਨਸੂਬਿਆਂ ਤੋਂ ਜਾਣੂ ਕਰਵਾਉਂਦੇ ਸਨ ਕਿ ਉਹ ਹਾਲੇ ਵੀ ਪੰਜਾਬੀਆਂ ਤੇ ਦੇਸ਼ ਦੀ ਏਕਤਾ ਨੂੰ ਸਾਬੋਤਾਜ਼ ਕਰਨ ਲਈ ਯਤਨਸ਼ੀਲ ਹਨ। ਕਈ ਲੋਕ ਉਹਨਾਂ ਦੀਆਂ ਚਿਤਾਵਨੀਆਂ ਦੀ ਗੰਭੀਰਤਾ 'ਤੇ ਕਿੰਤੂ ਪਰੰਤੂ ਵੀ ਕਰਿਆ ਕਰਦੇ ਸਨ ਪਰ ਉਹਨਾਂ ਦੀ ਮੌਤ ਨੇ ਉਹਨਾਂ ਦੀ ਇਹ ਗੱਲ ਸੱਚ ਸਾਬਤ ਕਰ ਦਿੱਤੀ ਹੈ ਕਿ ਅਸੀਂ ਅਹਿਮ ਸ਼ਖ਼ਸੀਅਤ ਦੀ ਸੁਰੱਖਿਆ ਦੇ ਲਈ ਉਹ ਕੁਝ ਨਹੀਂ ਕਰ ਸਕੇ ਜੋ ਸਮਾਂ ਮੰਗ ਕਰਦਾ ਹੈ। ਅਸੀਂ ਇਸੇ ਅਵੇਸਲੇਪਣ ਕਾਰਨ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜਿਹੀਆਂ ਸ਼ਖ਼ਸੀਅਤਾਂ ਨੂੰ ਪਹਿਲਾਂ ਹੀ ਗੁਆ ਚੁੱਕੇ ਹਾਂ। ਦਹਿਸ਼ਤਗਰਦਾਂ ਵੱਲੋਂ ਸੈਂਕੜੇ ਰਾਜਸੀ ਕਾਰਕੁੰਨ ਵੀ ਸ਼ਹੀਦ ਕਰ ਦਿੱਤੇ ਗਏ। ਦਹਿਸ਼ਤਗਰਦੀ ਦਾ ਵਰਤਾਰਾ ਦਿਨੋ ਦਿਨ ਭਿਆਨਕ ਰੁਖ਼ ਅਖ਼ਤਿਆਰ ਕਰਦਾ ਜਾ ਰਿਹਾ ਹੈ। ਸਾਡੇ ਦੇਸ਼ ਨੂੰ ਹੀ ਇਸ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ ਸਗੋਂ ਦੱਖਣੀ ਪੂਰਬੀ ਏਸ਼ੀਆ ਦੇ ਦੇਸ਼ਾਂ ਦੇ ਅਨੇਕਾਂ ਸ਼ਾਸਕੀ ਤੇ ਰਾਜਸੀ ਆਗੂ ਵੀ ਇਸ ਦੀ ਭੇਟਾ ਚੜ੍ਹ ਚੁੱਕੇ ਹਨ।

ਸ: ਬੇਅੰਤ ਸਿੰਘ ਨੇ ਜਿਸ ਅਜ਼ਮ ਤੇ ਦਲੇਰੀ ਨਾਲ ਵੱਖਵਾਦੀ ਤਾਕਤਾਂ ਦੇ ਮੁਕਾਬਲੇ ਵਿੱਚ ਲਾਮਬੰਦੀ ਕਰਕੇ ਪੰਜਾਬ ਵਿੱਚ 12 ਸਾਲ ਤੋਂ ਚੱਲੇ ਆ ਰਹੇ ਦੁਖਾਂਤ ਤੋਂ ਮੁਕਤੀ ਦਿਵਾਈ ਸੀ, ਉਸ ਨੂੰ ਲੋਕ ਸਦਾ ਯਾਦ ਰੱਖਣਗੇ। ਸ੍ਰੀ ਬੇਅੰਤ ਸਿੰਘ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਕਰਨ ਲਈ ਜਾਨਾਂ ਵਾਰਨ ਵਾਲੇ ਸਿਰਲੱਥ ਸ਼ਹੀਦਾਂ ਦੀ ਕਤਾਰ ਵਿੱਚ ਜਾ ਖੜੋਤੇ ਹਨ।

ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਏਕਤਾ ਦੀਆਂ ਵੈਰੀ ਤਾਕਤਾਂ ਨੂੰ ਪਛਾਣੀਏ ਤੇ ਉਹਨਾਂ ਵਿਰੁੱਧ ਇੱਕਮੁੱਠ ਹੋ ਕੇ ਜੂਝਣ ਦਾ ਪ੍ਰਣ ਕਰੀਏ।

ਚੋਣ ਕਮਿਸ਼ਨ ਦੀ ਮੀਟਿੰਗ ਹਰ ਬੁੱਧਵਾਰ ਨੂੰ ਹੋਇਆ ਕਰੇਗੀ

ਨਵੀਂ ਦਿੱਲੀ, 31 ਅਗਸਤ (ਯੂ.ਐੱਨ.ਆਈ.)-ਬਹੁ-ਮੈਂਬਰੀ ਚੋਣ ਕਮਿਸ਼ਨ ਦੀ ਕੰਮ ਕਾਰਕਰਦਗੀ ਸੰਬੰਧੀ ਚਲਿਆ ਆ ਰਿਹਾ ਅੜਿੱਕਾ ਅੱਜ ਖ਼ਤਮ ਹੋ ਗਿਆ ਅਤੇ ਮੁੱਖ ਚੋਣ ਕਮਿਸ਼ਨਰ ਅਤੇ ਦੋ ਚੋਣ ਕਮਿਸ਼ਨਰ ਹਰ ਬੁੱਧਵਾਰ ਵਾਲੇ ਦਿਨ ਕਮਿਸ਼ਨ ਦੀ ਮੀਟਿੰਗ ਕਰਨ ਲਈ ਸਰਬ ਸੰਮਤੀ ਨਾਲ ਸਹਿਮਤ ਹੋ ਗਏ।

ਸਰਕਾਰੀ ਤੌਰ 'ਤੇ ਦੱਸਿਆ ਗਿਆ ਹੈ, ਇਹ ਮੀਟਿੰਗਾਂ 11 ਵਜੇ ਹੋਇਆ ਕਰਨਗੀਆਂ ਤੇ ਇਨ੍ਹਾਂ ਵਿੱਚ ਚੋਣਾਂ ਨਾਲ ਸੰਬੰਧਤ ਮਾਮਲੇ ਵਿਚਾਰੇ ਜਾਇਆ ਕਰਨਗੇ।

ਚੋਣ ਕਮਿਸ਼ਨ ਦੀ ਇੱਕ ਰਸਮੀ ਮੀਟਿੰਗ ਕੱਲ੍ਹ ਕੀਤੇ ਜਾਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੀਟਿੰਗ ਵਿੱਚ ਅਗਲੀਆਂ ਲੋਕ ਸਭਾ ਚੋਣਾਂ ਦੀ ਤਿਆਰੀ, ਫੋਟੋ ਸ਼ਨਾਖ਼ਤੀ ਕਾਰਡ ਲਾਗੂ ਕਰਨ, ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਲਈ ਚੋਣ ਜ਼ਾਬਤਾ, ਚੋਣ ਖ਼ਰਚਿਆਂ ਦੀ ਹੱਦਬੰਦੀ 'ਤੇ ਵਿਚਾਰ ਕੀਤਾ ਜਾਵੇਗਾ। ਮੁੱਖ ਚੋਣ ਕਮਿਸ਼ਨਰ ਸ੍ਰੀ ਟੀ.ਐੱਨ. ਸੇਸ਼ਨ ਕੱਲ੍ਹ ਦੀ ਮੀਟਿੰਗ ਦੀ ਪ੍ਰਧਾਨਗੀ ਕਰਨਗੇ। ਸ੍ਰੀ ਸੇਸ਼ਨ, ਸ੍ਰੀ ਗਿੱਲ ਅਤੇ ਸ੍ਰੀ ਕ੍ਰਿਸ਼ਨਾ ਮੂਰਤੀ ਪਹਿਲੀ ਵਾਰ ਚੋਣਾਂ ਵਿੱਚ ਧਨ ਅਤੇ ਤਾਕਤ ਦੀ ਵਰਤੋਂ ਬਾਰੇ ਆਪਣੇ ਵਿਚਾਰ ਸਾਂਝੇ ਕਰਨਗੇ। ਚੋਣ ਕਮਿਸ਼ਨ ਦੀਆਂ ਹੁਣ ਤੱਕ ਦੋ ਮੀਟਿੰਗਾਂ ਹੋ ਚੁੱਕੀਆਂ ਹਨ। ਇੱਕ ਮੀਟਿੰਗ ਸੁਪਰੀਮ ਕੋਰਟ ਦੀ ਹਦਾਇਤ 'ਤੇ ਕੇਰਲਾ ਕਾਂਗਰਸ ਦੇ ਚੋਣ ਨਿਸ਼ਾਨ ਦਾ ਫੈਸਲਾ ਕਰਨ ਲਈ ਹੋਈ ਹੈ।

ਧਮਾਕੇ ਪਿੱਛੇ ਕੇ.ਐੱਲ.ਐੱਫ. ਜਾਂ ਬੱਬਰ ਖ਼ਾਲਸਾ ਦਾ ਹੱਥ ਹੋਣ ਦਾ ਸ਼ੰਕਾ-ਗਿੱਲ

ਚੰਡੀਗੜ੍ਹ, 31 ਅਗਸਤ (ਵੀ.ਕੇ. ਸ਼ਰਮਾ)—ਪੰਜਾਬ ਪੁਲਸ ਦੇ ਮੁਖੀ ਸ੍ਰੀ ਕੇ.ਪੀ.ਐੱਸ. ਗਿੱਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੇ ਕਤਲ ਪਿੱਛੇ ਕੇ.ਐੱਲ.ਐੱਫ. ਜਾਂ ਬੱਬਰ ਖ਼ਾਲਸਾ ਦਹਿਸ਼ਤਗਰਦ ਜਥੇਬੰਦੀਆਂ ਦਾ ਹੱਥ ਹੋਣ ਦੀ ਸ਼ੰਕਾ ਹੈ ਭਾਵੇਂ ਕਿ ਕਿਸੇ ਜਥੇਬੰਦੀ ਨੇ ਇਸ ਧਮਾਕੇ ਦੀ ਅਜੇ ਤੱਕ ਜ਼ਿੰਮੇਵਾਰੀ ਨਹੀਂ ਲਈ।

ਕਾਹਲੀ 'ਚ ਸੱਦੀ ਇੱਕ ਪ੍ਰੈੱਸ ਕਾਨਫਰੰਸ 'ਚ ਬੰਬ ਧਮਾਕੇ ਦੇ ਵੇਰਵੇ ਦਸਦਿਆਂ ਸ੍ਰੀ ਗਿੱਲ ਨੇ ਕਿਹਾ ਕਿ ਬੰਬ ਧਮਾਕਾ 5 ਵੱਜ ਕੇ 7 ਮਿੰਟ 'ਤੇ ਸਿਵਲ ਸਕੱਤਰੇਤ ਦੇ ਮੁੱਖ ਗੇਟ 'ਤੇ ਹੋਇਆ। ਉਨ੍ਹਾਂ ਕਿਹਾ ਕਿ ਬੰਬ ਧਮਾਕੇ 'ਚ ਮੁੱਖ ਮੰਤਰੀ ਸਮੇਤ 13 ਵਿਅਕਤੀ ਮਾਰੇ ਗਏ ਹਨ ਅਤੇ 16 ਹੋਰ ਫੱਟੜ ਹੋਏ ਹਨ। ਧਮਾਕੇ 'ਚ ਮਰਨ ਵਾਲਿਆਂ 'ਚ ਦੋਵੇਂ ਪੀ.ਏ. ਸ੍ਰੀ ਸਵਰਨ ਸਿੰਘ ਅਤੇ ਸ੍ਰੀ ਜਸਪਾਲ ਬਾਲੀ ਵੀ ਸ਼ਾਮਿਲ ਹਨ। ਫੱਟੜ ਹੋਣ ਵਾਲਿਆਂ 'ਚ ਮੁੱਖ ਮੰਤਰੀ ਦੀ ਸਕਿਉਰਿਟੀ ਦੇ ਐੱਸ.ਪੀ. ਸ੍ਰੀ ਡੀ.ਕੇ. ਤ੍ਰਿਪਾਠੀ ਅਤੇ ਪੱਕਾ ਕਲਾਂ ਹਲਕੇ ਦੇ ਵਿਧਾਇਕ ਸ੍ਰੀ ਬਲਦੇਵ ਸਿੰਘ ਸ਼ਾਮਲ ਹਨ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਗਿੱਲ ਨੇ ਮੰਨਿਆ ਕਿ ਇਹ ਘਟਨਾ ਸੁਰੱਖਿਆ ਵਿੱਚ ਗੰਭੀਰ ਖਾਮੀ ਕਾਰਨ ਵਾਪਰੀ ਹੈ।

(ਬਾਕੀ ਸਫ਼ਾ 6 'ਤੇ)

ਅਮਲੀ ਦੀ ਅੱਖ

ਸ਼ਿਵ ਕੁਮਾਰ

ਨਗਰ ਨਿਗਮ ਜਲੰਧਰ ਦੀ ਮੀਟਿੰਗ 'ਚ ਘਸੁੰਨ ਮੁੱਕੀ ! ਕੌਂਸਲਰ ਜ਼ਖ਼ਮੀ



ਸਰ ! ਮੇਮ ਸਾਹਿਬ ਨੇ ਹੈਲਮਟ ਭੇਜਿਆ ਹੈ ਤੇ ਕਿਹਾ ਹੈ ਕਿ ਮੀਟਿੰਗ 'ਚ ਇਸਾ ਲੇਟ ਵੇਲੇ ਪਾ ਲੈਣਾ...!

ਸੀ.ਪੀ.ਆਈ. ਰੈਲੀ ਰੱਦ

ਕਾਮਰੇਡ ਅਵਤਾਰ ਸਿੰਘ ਮਲਹੋਤਰਾ ਸਕੱਤਰ ਪੰਜਾਬ ਸੀ.ਪੀ.ਆਈ., ਕਾ: ਫੂਲਦੂ ਖਾਨ ਮੈਂਬਰ ਕੌਮੀ ਕੌਂਸਲ, ਕਾ: ਜਗਰੂਪ ਸਿੰਘ ਸਕੱਤਰ ਜ਼ਿਲਾ ਸੀ.ਪੀ.ਆਈ. ਨੇ ਇਕ ਸਾਂਝੇ ਬਿਆਨ ਵਿੱਚ ਕਿਹਾ ਕਿ ਸ: ਬੇਅੰਤ ਸਿੰਘ ਮੁੱਖ ਮੰਤਰੀ ਦੇ ਬੁਜ਼ਦਿਲਾਨਾ ਕਤਲ, [illegible] ਨੇ ਸਾਰੇ ਦੇਸ਼ ਵਿੱਚ ਗ਼ਮ ਦੀ ਲਹਿਰ ਫੈਲਾ ਦਿੱਤੀ ਹੈ। ਕਮਿਊਨਿਸਟ ਪਾਰਟੀ ਇਸ ਦੁੱਖ 'ਤੇ ਗ਼ਮ ਦੀ ਘੜੀ ਵਿੱਚ ਸ਼ਾਮਲ ਹੁੰਦੀ ਹੈ।

ਸ: ਬੇਅੰਤ ਸਿੰਘ ਨੂੰ ਸ਼ਰਧਾ ਅਤੇ ਸਨਮਾਨ ਵਜੋਂ ਪਾਰਟੀ [illegible] ਆਪਣੀ 2 ਸਤੰਬਰ ਦੀ ਸੂਬਾਈ ਰੈਲੀ ਨੂੰ ਕੈਂਸਲ ਕਰਕੇ ਸੂਬੇ ਦੇ ਲੋਕਾਂ ਨਾਲ ਇਸ ਸੋਗ ਵਿੱਚ ਸ਼ਾਮਲ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸੂਬਾਈ ਅਜਲਾਸ ਪਹਿਲੇ ਪ੍ਰੋਗਰਾਮ ਮੁਤਾਬਕ ਹੋਵੇਗਾ।

ਰਾਮਾ ਰਾਓ ਨੂੰ ਆਖ਼ਰ ਅਸਤੀਫ਼ਾ ਦੇਣਾ ਹੀ ਪਿਆ, ਨਾਇਡੂ ਨੂੰ ਸਰਕਾਰ ਬਣਾਉਣ ਲਈ ਸੱਦਾ

ਹੈਦਰਾਬਾਦ, 31 ਅਗਸਤ (ਏਜੰਸੀਆਂ)-ਆਂਧਰਾ ਪ੍ਰਦੇਸ਼ ਵਿੱਚ ਪਿਛਲੇ ਇਕ ਹਫ਼ਤੇ ਤੋਂ ਚੱਲੇ ਆ ਰਹੇ ਸਿਆਸੀ ਸੰਕਟ ਨੇ ਅੱਜ ਉਸ ਸਮੇਂ ਇਕ ਨਵਾਂ ਮੋੜ ਲਿਆ ਜਦੋਂ ਮੁੱਖ ਮੰਤਰੀ ਸ੍ਰੀ ਐੱਨ.ਟੀ. ਰਾਮਾ ਰਾਓ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਅਸਤੀਫ਼ੇ ਨੂੰ ਪ੍ਰਵਾਨ ਕਰਨ ਤੋਂ ਬਾਅਦ ਆਂਧਰਾ ਪ੍ਰਦੇਸ਼ ਦੇ ਗਵਰਨਰ ਸ੍ਰੀ ਕ੍ਰਿਸ਼ਨ ਕਾਂਤ ਨੇ ਤੇਲਗੂ ਦੇਸਮ ਵਿਧਾਇਕ ਪਾਰਟੀ (ਟੀ.ਡੀ.ਐੱਲ.ਪੀ.) ਦੇ ਆਗੂ ਸ੍ਰੀ ਐੱਨ. ਚੰਦਰਬਾਬੂ ਨਾਇਡੂ ਨੂੰ ਨਵੀਂ ਸਰਕਾਰ ਬਣਾਉਣ ਲਈ ਸੱਦਾ ਦੇ ਦਿੱਤਾ ਹੈ।

ਸ੍ਰੀ ਰਾਮਾ ਰਾਓ ਨੇ ਆਪਣਾ ਅਸਤੀਫ਼ਾ ਗਵਰਨਰ ਨੂੰ ਉਸ ਸਮੇਂ ਦਿੱਤਾ ਜਦੋਂ ਸ੍ਰੀ ਕ੍ਰਿਸ਼ਨ ਕਾਂਤ ਮੈਡੀਸਿਟੀ ਹਸਪਤਾਲ ਵਿੱਚ ਉਨ੍ਹਾਂ ਦਾ ਹਾਲ-ਚਾਲ ਪੁੱਛਣ ਲਈ ਗਏ, ਜਿੱਥੇ ਉਨ੍ਹਾਂ ਨੂੰ ਹਲਕੇ ਜਿਹੇ ਦਿਲ ਦੇ ਦੌਰੇ ਤੋਂ ਬਾਅਦ ਦਾਖ਼ਲ ਕਰਵਾਇਆ ਗਿਆ ਹੈ।

ਸ੍ਰੀ ਰਾਮਾ ਰਾਓ ਦੇ ਸਕੱਤਰ ਡਾ: ਐੱਨ. ਜੈਪ੍ਰਕਾਸ਼ ਨਰਾਇਣ ਅਤੇ ਐਡੀਸ਼ਨਲ ਡੀ.ਜੀ.ਪੀ. (ਅਮਨ ਤੇ ਕਾਨੂੰਨ) ਸ੍ਰੀ ਐੱਚ.ਜੀ. ਡੋਰਾ ਬਾਅਦ ਦੁਪਹਿਰ ਢਾਈ ਵਜੇ ਦੇ ਲੱਗਭੱਗ ਹਸਪਤਾਲ 'ਚੋਂ ਰਾਜ ਭਵਨ ਗਏ ਅਤੇ ਉਨ੍ਹਾਂ ਨੇ ਗਵਰਨਰ ਨੂੰ ਅਸਤੀਫ਼ੇ ਬਾਰੇ ਦੱਸਿਆ।

ਅਸਤੀਫ਼ੇ ਵਾਲਾ ਪੱਤਰ ਗਵਰਨਰ ਨੂੰ ਹਸਪਤਾਲ ਪਹੁੰਚਣ 'ਤੇ ਦਸ ਮਿੰਟਾਂ ਦੇ ਅੰਦਰ-ਅੰਦਰ ਸੌਂਪ ਦਿੱਤਾ ਗਿਆ।

ਸ੍ਰੀ ਕ੍ਰਿਸ਼ਨ ਕਾਂਤ ਨੇ ਫ਼ੌਰੀ ਤੌਰ 'ਤੇ ਆਪਣੇ ਪ੍ਰਿੰਸੀਪਲ ਸਕੱਤਰ ਏ.ਐੱਨ. ਤਿਵਾੜੀ ਨਾਲ ਸਲਾਹ-ਮਸ਼ਵਰਾ ਕੀਤਾ। ਉਨ੍ਹਾਂ ਕੇਂਦਰ ਨਾਲ ਵੀ ਗੱਲਬਾਤ ਕੀਤੀ ਅਤੇ ਅਸਤੀਫ਼ਾ ਪ੍ਰਵਾਨ ਕਰ ਲਿਆ।

ਰਾਜ ਭਵਨ ਤੋਂ ਜਾਰੀ ਇਕ ਬਿਆਨ ਅਨੁਸਾਰ ਗਵਰਨਰ ਨੇ ਸ੍ਰੀ ਰਾਮਾ ਰਾਓ ਵੱਲੋਂ ਦਿੱਤਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ ਅਤੇ ਉਨ੍ਹਾਂ ਸ੍ਰੀ ਰਾਮਾ ਰਾਓ ਤੇ ਉਨ੍ਹਾਂ ਦੇ ਮੰਤਰੀ ਮੰਡਲ ਨੂੰ ਤਦ ਤੱਕ ਕੰਮ ਸੰਭਾਲਣ ਲਈ ਕਿਹਾ ਹੈ ਜਦ ਤੱਕ ਨਵੀਂ ਸਰਕਾਰ ਦਾ ਗਠਨ ਨਹੀਂ ਹੋ ਜਾਂਦਾ।

ਵਸੀਲਿਆਂ ਨੇ ਦੱਸਿਆ ਕਿ ਰਾਮਾ ਰਾਓ ਨੇ ਅਸਤੀਫ਼ਾ ਦੇਣ ਦਾ ਮਨ ਅੱਜ ਸਵੇਰੇ ਉਸ ਸਮੇਂ ਬਣਾ ਲਿਆ ਸੀ, ਜਦੋਂ ਕੌਮੀ ਮੋਰਚੇ ਦੇ ਆਗੂ ਸ੍ਰੀ ਵੀ.ਪੀ. ਸਿੰਘ ਅਤੇ ਸ੍ਰੀ ਸ਼ਰਦ ਯਾਦਵ ਸਵੇਰ ਦੇ ਖਾਣੇ ਸਮੇਂ ਬੰਜਾਰਾ ਹਿੱਲ ਸਥਿਤ ਸ੍ਰੀ ਰਾਮਾ ਰਾਓ ਦੇ ਘਰ ਉਨ੍ਹਾਂ ਨੂੰ ਮਿਲੇ ਸਨ।

ਸ੍ਰੀ ਰਾਮਾ ਰਾਓ ਨੇ 11 ਵਜੇ ਗਵਰਨਰ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਸੀ, ਪਰ ਆਪਣਾ ਅਸਤੀਫ਼ਾ ਫੜਦੇ ਸਮੇਂ ਉਨ੍ਹਾਂ ਨੇ ਸਾਹ ਰੁਕਣ ਦੀ ਸ਼ਿਕਾਇਤ ਕੀਤੀ ਤੇ ਉਨ੍ਹਾਂ ਨੂੰ ਫ਼ੌਰੀ ਤੌਰ 'ਤੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਸਖ਼ਤ ਨਿਗਰਾਨੀ ਵਾਲੇ ਯੂਨਿਟ (ਆਈ.ਸੀ.ਯੂ.) ਰੱਖਿਆ ਹੋਇਆ ਹੈ।

ਜਦ ਉਨ੍ਹਾਂ ਦੀ ਹਾਲਤ ਕੁਝ ਸੰਭਲ ਗਈ ਤਾਂ ਉਨ੍ਹਾਂ ਦੇ ਸਹਿਯੋਗੀ ਹਸਪਤਾਲ ਤੋਂ ਰਾਜ ਭਵਨ ਗਏ ਤੇ ਇਸ ਬਾਰੇ ਗਵਰਨਰ ਨੂੰ ਸੂਚਿਤ ਕੀਤਾ।

ਸ੍ਰੀ ਰਾਮਾ ਰਾਓ ਨੂੰ ਇਹ ਅਸਤੀਫ਼ਾ ਰਾਜ ਵਿੱਚ ਤੇਜ਼ੀ ਨਾਲ ਵਾਪਰੀਆਂ ਸਿਆਸੀ ਘਟਨਾਵਾਂ ਤੋਂ ਮਜਬੂਰ ਹੋ ਕੇ ਦੇਣਾ ਪਿਆ ਹੈ। ਕੱਲ੍ਹ ਉਨ੍ਹਾਂ ਦੇ ਜਵਾਈ ਸ੍ਰੀ ਨਾਇਡੂ ਨੂੰ ਪਾਰਟੀ ਵਿਧਾਇਕਾਂ ਨੇ ਤੇਲਗੂ ਦੇਸਮ ਦਾ ਪ੍ਰਧਾਨ ਚੁਣ ਲਿਆ ਸੀ।

ਸਾਬਕਾ ਪ੍ਰਧਾਨ ਮੰਤਰੀ ਸ੍ਰੀ ਵੀ.ਪੀ. ਸਿੰਘ ਸਮੇਤ ਜਨਤਾ ਦਲ ਆਗੂਆਂ ਨੇ ਸੰਕਟ ਨੂੰ ਹੱਲ ਕਰਨ ਵਾਸਤੇ ਸ੍ਰੀ ਰਾਓ ਨੂੰ ਇਸ ਗੱਲ ਲਈ ਮਨਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਕਿ ਉਹ ਆਪਣਾ ਧਿਆਨ ਕੌਮੀ ਸਿਆਸਤ 'ਤੇ ਕੇਂਦਰਤ ਕਰਨ ਅਤੇ ਸੂਬੇ ਦੀ ਲੀਡਰਸ਼ਿਪ ਕਿਸੇ ਹੋਰ ਹਵਾਲੇ ਕਰ ਦੇਣ, ਪਰ ਉਹ ਅਸਫਲ ਹੀ ਰਹੇ।

ਅੱਜ ਘਟਨਾਵਾਂ ਦਾ ਆਰੰਭ ਕੁਝ ਸ਼ਰਾਰਤੀਆਂ ਵੱਲੋਂ ਸਪੀਕਰ ਦੇ ਘਰ ਅਤੇ ਨਿਊ ਐੱਮ.ਐੱਲ.ਏ. ਕੁਆਟਰਜ਼ ਉੱਪਰ ਬੰਬ

(ਬਾਕੀ ਸਫ਼ਾ 6 'ਤੇ)

ਬਬਲੂ ਨੂੰ ਭਾਰਤ ਲਿਆਂਦਾ ਜਾ ਰਿਹੈ

ਨਵੀਂ ਦਿੱਲੀ, 31 ਅਗਸਤ (ਯੂ.ਐੱਨ.ਆਈ.)-ਫਿਰੌਤੀਆਂ ਰਾਹੀਂ ਕਰੋੜਾਂ ਰੁਪਏ ਇਕੱਠੇ ਕਰਨ ਵਾਲੇ 'ਅਗਵਾਕਾਰ ਬਾਦਸ਼ਾਹ' ਬਬਲੂ ਸ੍ਰੀਵਾਸਤਵ ਨੂੰ ਅੱਜ ਰਾਤ ਸਿੰਘਾਪੁਰ ਤੋਂ ਭਾਰਤ ਲਿਆਂਦਾ ਜਾ ਰਿਹਾ ਹੈ। ਇਹ ਜਾਣਕਾਰੀ ਕੇਂਦਰੀ ਖੁਫ਼ੀਆ ਏਜੰਸੀ (ਸੀ.ਬੀ.ਆਈ.) ਨੇ ਦਿੱਤੀ।

ਸੂਤਰਾਂ ਅਨੁਸਾਰ ਸੀ.ਬੀ.ਆਈ. ਦੀ ਇਕ ਟੀਮ 35ਵਿਆਂ ਦੇ ਇਸ ਬਦਨਾਮ ਵਿਅਕਤੀ ਨੂੰ ਅੱਜ ਦੇਰ ਰਾਤ ਇੱਥੇ ਲੈ ਕੇ ਆ ਰਹੀ ਹੈ।

ਭਾਰਤ ਵਿੱਚ ਬਬਲੂ ਵਿਰੁੱਧ ਹੱਤਿਆਵਾਂ ਕਰਨ, ਕਤਲ ਕਰਨ ਦੀ ਕੋਸ਼ਿਸ਼ ਕਰਨ, ਸਮੱਗਲਿੰਗ, ਅਗਵਾ ਅਤੇ ਫਿਰੌਤੀ ਲੈਣ ਦੇ 50 ਤੋਂ ਵੱਧ ਮਾਮਲੇ ਦਰਜ ਹਨ।

ਸਿੰਘਾਪੁਰ ਦੀ ਅਦਾਲਤ ਨੇ 11 ਅਗਸਤ ਨੂੰ ਬਬਲੂ ਦੀ ਹਵਾਲਗੀ ਮਨਜ਼ੂਰ ਕਰ ਦਿੱਤੀ ਸੀ। ਭਾਰਤ ਵੱਲੋਂ ਬਬਲੂ ਦੀ ਹਵਾਲਗੀ ਲਈ ਸਿੰਘਾਪੁਰ ਨੂੰ ਕੀਤੀ ਰਸਮੀ ਬੇਨਤੀ ਤੋਂ ਤਿੰਨ ਮਹੀਨੇ ਬਾਅਦ ਅਦਾਲਤ ਨੇ ਇਹ ਫ਼ੈਸਲਾ ਦਿੱਤਾ ਸੀ।

ਸੀ.ਬੀ.ਆਈ. ਨੇ ਉਸ ਦੀ ਹਵਾਲਗੀ ਲਈ ਅਦਾਲਤ ਨੂੰ 1200 ਸਫ਼ਿਆਂ ਦੇ ਗਵਾਹੀ ਦਸਤਾਵੇਜ਼ ਪੇਸ਼ ਕੀਤੇ ਸਨ, ਜਿਸ ਵਿੱਚ ਬਬਲੂ ਵਿਰੁੱਧ ਗਵਾਹੀਆਂ ਦਾ ਵਿਸਥਾਰ ਸੀ ਅਤੇ ਉਸ ਨੂੰ ਇਕ ਕੱਟੜ ਮੁਜਰਮ ਗਰਦਾਨਿਆ ਹੋਇਆ ਸੀ।

ਪਿਛਲੀ ਵਾਰ ਸਿੰਘਾਪੁਰ ਤੋਂ ਬਦਨਾਮ

(ਬਾਕੀ ਸਫ਼ਾ 6 'ਤੇ)

ਹਵਾਲਾ ਕਾਂਡ 'ਚ ਵੰਡੇ ਗਏ ਧਨ ਸੰਬੰਧੀ ਸੀ.ਬੀ.ਆਈ. ਨੇ ਸਬੂਤ ਇਕੱਠੇ ਕੀਤੇ

ਨਵੀਂ ਦਿੱਲੀ, 31 ਅਗਸਤ (ਹਿੰਦੋ: ਟਾਈ:)-ਸੀ.ਬੀ.ਆਈ. ਨੂੰ ਇਸ ਗੱਲ ਦੇ ਪੱਕੇ ਸਬੂਤ ਮਿਲ ਗਏ ਹਨ ਕਿ ਸਾਬਕਾ ਕੇਂਦਰੀ ਮੰਤਰੀ ਸ੍ਰੀ ਆਰਿਫ਼ ਮੁਹੰਮਦ ਖਾਨ ਨੇ ਗੁਜਰਾਤ ਵਿੱਚ ਇਕ ਬਿਜਲੀ ਪ੍ਰਾਜੈਕਟ ਨੂੰ ਪ੍ਰਵਾਨਗੀ ਦੇਣ ਦੇ ਮਾਮਲੇ ਵਿੱਚ ਜੈਨ ਭਰਾਵਾਂ ਤੋਂ ਕਥਿਤ ਤੌਰ 'ਤੇ ਕਰੋੜਾਂ ਰੁਪਏ ਰਿਸ਼ਵਤ ਵਜੋਂ ਲਏ ਸਨ।

ਸੀ.ਬੀ.ਆਈ. ਦੇ ਉੱਚ ਪੱਧਰੀ ਸੂਤਰਾਂ ਅਨੁਸਾਰ ਸ੍ਰੀ ਵੀ.ਪੀ. ਸਿੰਘ ਦੀ ਸਰਕਾਰ ਸਮੇਂ ਸ੍ਰੀ ਆਰਿਫ਼ ਮੁਹੰਮਦ ਖਾਨ ਨੇ ਬਿਜਲੀ ਰਾਜ ਮੰਤਰੀ ਹੁੰਦਿਆਂ ਹੋਇਆਂ 1989 ਵਿੱਚ ਨਵਾਸ ਬਿਜਲੀ ਪ੍ਰਾਜੈਕਟ ਦੀ ਪ੍ਰਵਾਨਗੀ ਦੇਣ ਸਮੇਂ ਜੈਨ ਭਰਾਵਾਂ ਤੋਂ ਕਥਿਤ ਤੌਰ 'ਤੇ 7.50 ਕਰੋੜ ਰੁਪਏ ਦੀ ਰਿਸ਼ਵਤ ਲਈ ਗਈ। ਫ਼ਿਲਾਈ ਇੰਜਨੀਅਰ ਕੰਪਨੀ ਦੇ ਮਾਲਕ ਜੈਨ ਭਰਾ ਫਰਾਂਸ ਦੀ ਇੱਕ ਕੰਪਨੀ ਅਲਸਥੋਮ ਜੀ ਲਈ ਏਜੰਟੀ ਕਰਦੇ ਸਨ ਜਿਹੜੀ ਇਸ ਪ੍ਰਾਜੈਕਟ ਨੂੰ ਆਪਣੇ ਹੱਥ ਵਿੱਚ ਲੈਣ ਲਈ ਨੱਠ ਭੱਜ ਕਰ ਰਹੀ ਸੀ।

ਸ੍ਰੀ ਰਾਜੀਵ ਗਾਂਧੀ ਸਰਕਾਰ ਸਮੇਂ ਇਹ ਪ੍ਰਾਜੈਕਟ ਮੰਤਰੀਆਂ ਵਿਚਕਾਰ ਵਾਦ-ਵਿਵਾਦ ਦਾ ਵਿਸ਼ਾ ਬਣਿਆ ਸੀ ਅਤੇ ਇਸ ਨੂੰ ਕੇਂਦਰੀ ਬਿਜਲੀ ਮੰਤਰਾਲੇ ਦੀ ਪ੍ਰਵਾਨਗੀ ਨਹੀਂ ਸੀ ਮਿਲੀ। ਸ੍ਰੀ ਆਰਿਫ਼ ਮੁਹੰਮਦ ਖਾਨ ਦੇ ਵੀ.ਪੀ. ਸਿੰਘ ਸਰਕਾਰ ਸਮੇਂ ਬਿਜਲੀ ਰਾਜ ਮੰਤਰੀ ਦਾ ਚਾਰਜ ਸੰਭਾਲਦਿਆਂ ਹੀ ਇਸ ਪ੍ਰਾਜੈਕਟ ਨੂੰ ਇਕ ਦਿਨ ਵਿੱਚ ਹੀ ਪ੍ਰਵਾਨਗੀ ਦੇ ਦਿੱਤੀ ਸੀ। ਪ੍ਰਵਾਨਗੀ ਦਿੱਤੇ ਜਾਣ ਸਮੇਂ ਇਸ ਪ੍ਰਾਜੈਕਟ ਦੀ ਲਾਗਤ ਵਿੱਚ 65 ਕਰੋੜ ਦਾ ਵਾਧਾ ਕਰ ਦਿੱਤਾ ਗਿਆ ਸੀ।

ਸੀ.ਬੀ.ਆਈ. ਨੇ ਸ੍ਰੀ ਆਰਿਫ਼ ਮੁਹੰਮਦ ਖਾਨ ਦੇ ਸਮੇਂ ਹੋਏ ਸਾਰੇ ਸਮਝੌਤਿਆਂ ਦੀ ਛਾਣ ਬੀਣ ਕੀਤੀ ਅਤੇ ਪੱਕੇ ਸਬੂਤ ਮਿਲਣ ਤੋਂ ਬਾਅਦ ਖਾਨ ਦੇ ਠਿਕਾਣਿਆਂ 'ਤੇ ਛਾਪੇ ਮਾਰਨ ਦਾ ਫ਼ੈਸਲਾ ਲਿਆ।

ਇਸ ਸਮੇਂ ਗ੍ਰਹਿ ਸਕੱਤਰ ਸ੍ਰੀ ਕੇ. ਪਦਮਨਾਭੀਆ ਸ੍ਰੀ ਖਾਨ ਦੇ ਮੰਤਰੀ ਹੁੰਦੇ ਸਮੇਂ ਬਿਜਲੀ ਮੰਤਰਾਲ ਵਿੱਚ ਐਡੀਸ਼ਨਲ ਸਕੱਤਰ ਸਨ। ਸ੍ਰੀ ਆਰ.ਆਰ. ਸ਼ਾਹ ਆਈ.ਏ.ਐੱਸ., ਜੋ ਇਸ ਸਮੇਂ ਗ੍ਰਹਿ ਮੰਤਰਾਲੇ ਵਿੱਚ ਕੰਮ ਕਰ ਰਹੇ ਹਨ, ਉਸ ਸਮੇਂ ਬਿਜਲੀ ਮੰਤਰਾਲੇ ਵਿੱਚ ਜਾਇੰਟ ਸਕੱਤਰ ਸਨ। ਜੈਨ ਭਰਾਵਾਂ ਕੋਲੋਂ ਮਿਲੀ ਡਾਇਰੀ ਵਿੱਚ ਜਿਨ੍ਹਾਂ 115 ਵਿਅਕਤੀਆਂ ਦੀ ਸੂਚੀ ਹੈ, ਉਸ ਵਿੱਚ ਇਨ੍ਹਾਂ ਦੋ ਅਫ਼ਸਰਾਂ ਦੇ ਨਾਂਅ ਦਰਜ ਹਨ, ਜਿਨ੍ਹਾਂ ਨੂੰ ਜੈਨ ਭਰਾਵਾਂ ਵੱਲੋਂ 68 ਕਰੋੜ ਰੁਪਏ ਦੀ ਰਿਸ਼ਵਤ ਦਿੱਤੀ ਗਈ। ਇਸ ਡਾਇਰੀ ਅਨੁਸਾਰ ਸ੍ਰੀ ਪਦਮਨਾਭੀਆ ਨੂੰ ਕਥਿਤ ਤੌਰ 'ਤੇ 50 ਲੱਖ ਰੁਪਏ ਦਿੱਤੇ ਗਏ ਸਨ।

ਸਾਬਕਾ ਉਪ ਪ੍ਰਧਾਨ ਮੰਤਰੀ ਸ੍ਰੀ ਦੇਵੀ ਲਾਲ ਦੇ ਪੋਤੇ ਪ੍ਰਦੀਪ ਕੁਮਾਰ ਵਿਰੁੱਧ ਪੱਕੇ ਸਬੂਤ ਮਿਲਣ 'ਤੇ ਹੀ ਛਾਪਾ ਮਾਰਿਆ ਗਿਆ। ਜਦੋਂ ਸੀ.ਬੀ.ਆਈ. ਨੇ ਚੌਧਰੀ ਦੇਵੀ ਲਾਲ ਤੋਂ ਜੈਨ ਭਰਾਵਾਂ ਵੱਲੋਂ ਵੰਡੇ ਗਏ ਲੱਖਾਂ ਰੁਪਏ ਬਾਰੇ ਪੁੱਛਿਆ ਸੀ ਤਾਂ ਉਨ੍ਹਾਂ ਸੀ.ਬੀ.ਆਈ. ਨੂੰ ਇਹ ਜੁਆਬ ਦਿੱਤਾ ਸੀ : "ਪ੍ਰਦੀਪ ਕੁਮਾਰ ਜੈਨ ਨੂੰ ਮੇਰੇ ਕੋਲ ਲੈ ਕੇ ਆਇਆ ਸੀ। ਤੁਸੀਂ ਉਸ ਤੋਂ ਹੀ ਪਤਾ ਕਰੋ।"

ਉਸ ਸਮੇਂ ਪ੍ਰਦੀਪ ਕੁਮਾਰ ਚੌਧਰੀ ਦੇਵੀ ਲਾਲ ਦਾ ਐਡੀਸ਼ਨਲ ਨਿੱਜੀ ਸਕੱਤਰ ਸੀ। ਸੀ.ਬੀ.ਆਈ. ਨੇ ਇਸ ਗੱਲ ਦਾ ਪਤਾ ਲਾ ਲਿਆ ਕਿ ਪ੍ਰਦੀਪ ਕੁਮਾਰ ਕੋਲ ਦੋ ਜਪਾਨੀ ਕਾਰਾਂ ਹੌਂਡਾ ਅਤੇ ਟਿਓਟਾ ਹਨ। ਇਨ੍ਹਾਂ ਕਾਰਾਂ ਦਾ ਰਿਕਾਰਡ ਇਹ ਦਰਸਾਉਂਦਾ ਹੈ ਕਿ ਸ੍ਰੀ ਜੈਨ ਨੇ ਇਹ ਕਾਰਾਂ ਆਪਣੇ ਨਾਅ ਉੱਤੇ ਜਪਾਨ ਤੋਂ ਦਰਾਮਦ ਕੀਤੀਆਂ ਸਨ ਅਤੇ ਇਨ੍ਹਾਂ ਦੀ ਦਰਾਮਦ ਡਿਊਟੀ ਵੀ ਭਾਰੀ ਸੀ। ਬਾਅਦ ਵਿੱਚ ਇਨ੍ਹਾਂ ਦੋਹਾਂ ਕਾਰਾਂ ਨੂੰ ਪ੍ਰਦੀਪ ਕੁਮਾਰ ਦੇ ਨਾਅ 'ਤੇ ਤਬਦੀਲ ਕਰ ਦਿੱਤਾ ਗਿਆ। ਜੈਨ ਭਰਾਵਾਂ ਦੇ ਇਨ੍ਹਾਂ ਕਾਰਾਂ ਲਈ ਪ੍ਰਦੀਪ ਕੁਮਾਰ ਤੋਂ ਕੋਈ ਪੈਸਾ ਨਹੀਂ ਲਿਆ।

ਉਸ ਸਮੇਂ ਪ੍ਰਦੀਪ ਕੁਮਾਰ ਦੇ ਕਾਰਨ ਸ੍ਰੀ ਜੈਨ ਉਸ ਸਮੇਂ ਦੇ ਉਪ ਪ੍ਰਧਾਨ ਮੰਤਰੀ ਦੇ ਖ਼ਾਸ ਮਹਿਮਾਨ ਹੋਇਆ ਕਰਦੇ ਸਨ। ਜਦੋਂ ਸ੍ਰੀ ਦੇਵੀ ਲਾਲ ਨਾਰਵੇ ਦੇ ਬਾਦਸ਼ਾਹ ਦੇ ਸਸਕਾਰ ਵਿੱਚ ਭਾਗ ਲੈਣ ਲਈ ਗਏ ਸਨ ਤਾਂ ਸ੍ਰੀ ਜੈਨ ਚੌਧਰੀ ਦੇਵੀ ਲਾਲ ਦੇ ਨਾਲ ਵਿਸ਼ੇਸ਼ ਜਹਾਜ਼ ਵਿੱਚ ਉੱਥੇ ਗਏ ਸਨ। ਚੌਧਰੀ ਦੇਵੀ ਲਾਲ ਨੇ ਕਿਸ ਹੈਸੀਅਤ ਵਿੱਚ ਜੈਨ ਦੀ ਚੋਣ ਕੀਤੀ, ਇਹ ਕੋਈ ਨਹੀਂ ਜਾਣਦਾ।

ਜੈਨ ਭਰਾਵਾਂ ਦੇ ਹੋਟਲ ਸਨਅੱਤ ਦੇ ਉੱਘੇ ਵਪਾਰੀ ਸ੍ਰੀ ਲਲਿਤ ਸੂਰੀ ਨੂੰ 10.5 ਕਰੋੜ ਰੁਪਏ ਦੀ ਰਕਮ ਕਥਿਤ ਤੌਰ 'ਤੇ ਉਸ ਦੇ ਸਿਆਸੀ ਨੂੰ ਦੇਣ ਹਿਤ ਦਿੱਤੀ। ਸੀ.ਬੀ.ਆਈ. ਨੇ ਪਿਛਲੇ ਦਿਨੀਂ ਲਲਿਤ ਸੂਰੀ ਦੇ ਠਿਕਾਣਿਆਂ 'ਤੇ ਵੀ ਛਾਪੇ ਮਾਰੇ ਅਤੇ ਕਈ ਫਾਈਲਾਂ, ਦਸਤਾਵੇਜ਼ ਬਰਾਮਦ ਕੀਤੇ ਹਨ।

ਉਧਰ ਸ੍ਰੀ ਆਰਿਫ਼ ਖਾਨ ਦਾ ਕਹਿਣਾ ਹੈ ਕਿ ਸੀ.ਬੀ.ਆਈ. ਵੱਲੋਂ ਲਾਏ ਗਏ ਦੋਸ਼ ਬੇ-ਬੁਨਿਆਦ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਫਰਾਂਸ ਦੀ ਕੰਪਨੀ ਨੂੰ ਪ੍ਰਾਜੈਕਟ ਦਾ ਠੇਕਾ ਦੇਣ ਸੰਬੰਧੀ ਜੇਕਰ ਕੋਈ ਰਿਸ਼ਵਤ ਦਿੱਤੀ ਗਈ ਤਾਂ ਇਸ ਘਪਲੇ ਬਾਰੇ ਪਹਿਲਾਂ ਕਿਉਂ ਨਾ ਪਤਾ ਲਾਇਆ ਗਿਆ।

ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਫਰਾਂਸ ਦੀ ਕੰਪਨੀ ਨੂੰ ਪ੍ਰਾਜੈਕਟ ਦਾ ਠੇਕਾ ਦੇਣ ਨਾਲ ਹਵਾਲਾ ਕਾਂਡ ਦਾ ਕੀ ਸੰਬੰਧ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਕਦੇ [illegible] ਵਿਚ ਜਾ ਰਿਸ਼ਵਤ ਲੈ ਕੇ ਕਿਸੇ ਪ੍ਰਾਜੈਕਟ ਨੂੰ ਪ੍ਰਵਾਨਗੀ ਨਹੀਂ ਦਿੱਤੀ।

ਸੁਪਰੀਮ ਕੋਰਟ ਵੱਲੋਂ ਮਧੂ ਬਾਲਾ ਦੇ ਮਾਪਿਆਂ ਨੂੰ ਮੁਆਵਜ਼ਾ, ਹੇਠਲੀ ਅਦਾਲਤ ਦੀ ਖਿਚਾਈ

ਨਵੀਂ ਦਿੱਲੀ, 31 ਅਗਸਤ (ਟਾ.ਅ.ਇ.)-ਸੁਪਰੀਮ ਕੋਰਟ ਨੇ ਹਾਦਸੇ ਦੇ ਇਕ ਮੁਕੱਦਮੇ ਦਾ ਫ਼ੈਸਲਾ ਸੁਣਾਉਂਦਿਆਂ ਮੁਕੱਦਮਾ ਦਾਇਰ ਕਰਨ ਵਾਲਿਆਂ ਦੇ ਹੱਕ ਵਿੱਚ ਫ਼ੈਸਲਾ ਸੁਣਾਉਂਦਿਆਂ ਹੇਠਲੀ ਅਦਾਲਤ ਵੱਲੋਂ ਕੀਤੇ ਗਏ ਫ਼ੈਸਲੇ ਨੂੰ ਰੱਦ ਕਰ ਦਿੱਤਾ। ਅਦਾਲਤ ਨੇ ਪਟਿਆਲਾ ਦੀ ਮਧੂ ਬਾਲਾ ਮਿੱਤਲ ਦੇ ਮਾਪਿਆਂ ਵੱਲੋਂ ਦਾਇਰ ਪਟੀਸ਼ਨ 'ਤੇ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਧੀ ਦਾ 1 ਲੱਖ ਰੁਪਏ ਮੁਆਵਜ਼ਾ 1983 ਤੋਂ 12 ਫ਼ੀਸਦੀ ਵਿਆਜ ਸਮੇਤ ਦਿੱਤਾ ਜਾਵੇ। 1 ਮਾਰਚ 1983 ਵਿੱਚ ਮੋਟਰ ਵਹੀਕਲਜ਼ ਕਲੇਮ ਟ੍ਰਿਊਨਲ ਨੇ ਮਧੂ ਬਾਲਾ, ਜਿਸ ਦਾ ਹਾਦਸਾ 1987 ਵਿੱਚ ਹੋਇਆ ਸੀ ਅਤੇ ਉਹ ਚਾਰ ਦਿਨ ਬਾਅਦ ਮਰ ਗਈ ਸੀ। ਅਦਾਲਤ ਨੇ ਮੁਆਵਜ਼ੇ ਦਾ ਫ਼ੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਹੇਠਲੀ ਅਦਾਲਤ ਵੱਲੋਂ ਕੀਤਾ ਗਿਆ ਫ਼ੈਸਲਾ ਮਨ ਨੂੰ ਠੇਸ ਪਹੁੰਚਾਉਣ ਵਾਲਾ ਹੈ। ਇਹ ਫ਼ੈਸਲਾ ਤਿੰਨ ਜੱਜਾਂ 'ਤੇ ਅਧਾਰਤ ਬੈਂਚ ਨੇ ਕੀਤਾ। ਬੈਂਚ ਜਸਟਿਸ ਸ੍ਰੀ ਜੇ.ਐੱਸ. ਸਿੰਘ, ਜਸਟਿਸ ਸ੍ਰੀ ਐੱਨ.ਪੀ. ਸਿੰਘ ਅਤੇ ਜਸਟਿਸ ਸ੍ਰੀ ਕੇ. ਵੈਂਕਟਾਸਵਾਮੀ 'ਤੇ ਅਧਾਰਤ ਸੀ।

ਕਲੇਮ ਟ੍ਰਿਬਿਊਨਲ ਦੇ ਜੱਜ ਨੇ ਮਾਪਿਆਂ ਵੱਲੋਂ ਹਸਪਤਾਲ ਵਿੱਚ ਕੁੜੀ ਦੇ ਇਲਾਜ 'ਤੇ ਖ਼ਰਚ ਕੀਤੇ ਗਏ 4 ਹਜ਼ਾਰ ਰੁਪਏ ਹਰਜਾਨੇ ਦੀ ਮੰਗ ਰੱਦ ਕਰ ਦਿੱਤੀ ਸੀ। ਪੰਜਾਬ ਹਰਿਆਣਾ ਹਾਈ ਕੋਰਟ ਨੇ 36 ਹਜ਼ਾਰ ਹਰਜਾਨਾ ਅਤੇ 4 ਹਜ਼ਾਰ ਮੈਡੀਕਲ ਖ਼ਰਚ ਦੇਣ ਦਾ ਹੁਕਮ ਦਿੱਤਾ ਸੀ ਅਤੇ ਇਕ ਲੱਖ ਹਰਜਾਨੇ ਦੀ ਮਾਪਿਆਂ ਦੀ ਮੰਗ ਨਹੀਂ ਸੀ ਮੰਨੀ। ਪਟਿਆਲਾ ਅਦਾਲਤ ਨੇ ਇਹ ਵੀ ਕਿਹਾ ਸੀ ਕਿ ਕੁੜੀ ਮਾਪਿਆਂ ਲਈ ਆਮਦਨ ਦਾ ਸਾਧਨ ਨਹੀਂ ਹੋ ਸਕਦੀ ਸੀ ਕਿਉਂਕਿ ਮਾਪਿਆਂ ਨੇ ਉਸ ਦੇ ਪਾਲਣ ਪੋਸ਼ਣ ਅਤੇ ਪੜ੍ਹਾਈ 'ਤੇ ਖ਼ਰਚ ਕਰਨਾ ਸੀ। ਜੱਜ ਨੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਕੁੜੀ ਨੇ ਕਮਾਈ ਤਾਂ ਕੀ ਕਰਨੀ ਸੀ ਸਗੋਂ ਉਸ ਨੇ ਤਾਂ ਮਾਪਿਆਂ ਲਈ ਇਕ ਦੇਣਦਾਰੀ ਬਣਨਾ ਸੀ।

KRANTI®
Water Meter
ON D.G.S. & D RATE CONTRACT
SIZE 15 mm TO 250 mm
MFD. BY
AMAN ENGINEERING WORKS
30-31, Aman Nagar, Jalandhar-144 004
Phones : 292364, 292365, 292366

Regd. No. PB/CH-12

ਪੰਜਾਬੀ ਟ੍ਰਿਬਿਊਨ

m236, N.781
NS.9
079545
PA-NS.9
ਪੰਜਾਬੀ ਯੂਨੀਵਰਸਿਟੀ, ਪਟਿਆਲਾ
40533
11.12

Mammography
ADVANCED
DIAGNOSTICS
17/8, Kennedy Avenue, The Mall,
Amritsar - 143001
Ph:221136 Fax:91-0183-220875

ਸਾਲ: 18, ਅੰਕ : 18
ਚੰਡੀਗੜ੍ਹ, ਸ਼ੁੱਕਰਵਾਰ, 1 ਸਤੰਬਰ, 1995 : 16 ਭਾਦੋਂ, ਸੰਮਤ 2052
ਮੁੱਲ: 1 ਰੁਪਿਆ 50 ਪੈਸੇ

ਮੁੱਖ ਮੰਤਰੀ ਬੇਅੰਤ ਸਿੰਘ ਬੰਬ ਧਮਾਕੇ ਵਿਚ ਹਲਾਕ

ਸੁਰੱਖਿਆ ਮੁਲਾਜ਼ਮਾਂ ਸਮੇਤ 15 ਜਣੇ ਹੋਰ ਹਲਾਕ

ਧਮਾਕੇ ਕਾਰਨ ਸਕੱਤਰੇਤ 'ਚ ਬੁਰੀ ਤਰ੍ਹਾਂ ਟੁੱਟ-ਭੱਜ

ਬਰਾੜ ਨੇ ਕਾਇਮ-ਮੁਕਾਮ ਮੁੱਖ ਮੰਤਰੀ ਵਜੋਂ ਸਹੁੰ ਚੁਕੀ

ਜਗਤਾਰ ਸਿੰਘ ਸਿੱਧੂ

ਚੰਡੀਗੜ੍ਹ, 31 ਅਗਸਤ: ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਨਹੀਂ ਰਹੇ। ਉਨ੍ਹਾਂ ਦੀ ਅੱਜ ਸ਼ਾਮੀਂ ਇਕ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ ਹੱਤਿਆ ਕਰ ਦਿੱਤੀ ਗਈ। ਮੁੱਖ ਮੰਤਰੀ ਸਮੇਤ 15 ਅਧਿਕਾਰੀ ਤੇ ਸੁਰੱਖਿਆ ਜਵਾਨ ਇਸ ਧਮਾਕੇ ਵਿਚ ਮਾਰੇ ਗਏ।

ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਕਾਰ ਦੇ ਚੀਥੜੇ ਉਡ ਗਏ। ਸੜੀ ਹੋਈ ਅਤੇ ਬੁਰੀ ਤਰ੍ਹਾਂ ਟੁੱਟੀ-ਫੁੱਟੀ ਕਾਰ ਦੇ ਅੰਦਰ ਸ੍ਰੀ ਬੇਅੰਤ ਸਿੰਘ ਦੀ ਦੇਹ ਲੋਥੜੇ ਬਣੀ ਪਈ ਸੀ। ਸ੍ਰੀ ਬੇਅੰਤ ਸਿੰਘ ਦੀ ਲਾਸ਼ ਧਮਾਕੇ ਵਿਚ ਲੱਗੀ ਅੱਗ ਨਾਲ ਇੰਨੀ ਬੁਰੀ ਤਰ੍ਹਾਂ ਝੁਲਸ ਗਈ ਕਿ ਸਰੀਰ ਦੇ ਕਿਸੇ ਵੀ ਅੰਗ ਦੀ ਪਛਾਣ ਨਹੀਂ ਬਚੀ ਸੀ। ਧਮਾਕਾ ਸ਼ਾਮੀਂ ਤਕਰੀਬਨ ਪੰਜ ਵੱਜ ਕੇ 12 ਮਿੰਟ 'ਤੇ ਹੋਇਆ।



ਪੰਜਾਬ ਅਤੇ ਹਰਿਆਣਾ ਸਿਵਲ ਸਕੱਤਰੇਤ ਦੇ ਵੀ.ਆਈ.ਪੀ. ਦਾਖਲਾ ਗੇਟ ਉਤੇ ਹੋਏ ਭਿਆਨਕ ਬੰਬ ਧਮਾਕੇ ਪਿਛੋਂ ਮੁੱਖ ਮੰਤਰੀ ਬੇਅੰਤ ਸਿੰਘ ਦੀ ਕਾਰ ਦਾ ਬੱਸ ਇਹੋ ਕੁਝ ਬਚਿਆ ਹੈ ਅਤੇ (ਸੱਜੇ) ਮਾਰੇ ਗਏ ਕਮਾਂਡੋਆਂ ਅਤੇ ਹੋਰ ਵਿਅਕਤੀਆਂ ਦੇ ਬਿਖਰੇ ਹੋਏ ਅੰਗ। ਚੁਫੇਰੇ ਬੱਸ ਖੂਨ ਤੇ ਮਾਸ ਦੇ ਲੋਥੜੇ ਹੀ ਨਜ਼ਰ ਆਉਂਦੇ ਹਨ।

(ਤਸਵੀਰਾਂ: ਕਰਮ ਸਿੰਘ)

ਮੁੱਖ ਮੰਤਰੀ ਦੀ ਝੁਲਸੀ ਹੋਈ ਕਾਰ ਦੇ ਚਾਰ-ਚੁਫੇਰੇ ਸਕਿਉਰਿਟੀ ਵਾਲੇ ਜਵਾਨਾਂ ਅਤੇ ਅਧਿਕਾਰੀਆਂ ਦੀਆਂ ਲਾਸ਼ਾਂ ਖਿੰਡੀਆਂ ਪਈਆਂ ਸਨ। ਸਾਰੀਆਂ ਹੀ ਲਾਸ਼ਾਂ ਇੰਨੀ ਬੁਰੀ ਤਰ੍ਹਾਂ ਝੁਲਸੀਆਂ ਹੋਈਆਂ ਸਨ ਕਿ ਕਿਸੇ ਦੇ ਵੀ ਚਿਹਰੇ ਦੀ ਪਛਾਣ ਨਹੀਂ ਸੀ ਹੋ ਰਹੀ। ਬਹੁਤੀਆਂ ਲਾਸ਼ਾਂ ਦੇ ਨੰਗੇ ਪਿੰਜਰ ਆਕੜੇ ਹੋਏ ਪਏ ਸਨ। ਧਮਾਕੇ ਤੋਂ ਬਾਅਦ ਸ੍ਰੀ ਬੇਅੰਤ ਸਿੰਘ ਦੇ ਨਾਲ ਮਰਨ ਵਾਲੇ ਜਿਨ੍ਹਾਂ ਵਿਅਕਤੀਆਂ ਦਾ ਮੁੱਖ ਮੰਤਰੀ ਦੇ ਅਮਲੇ ਤੋਂ ਪਤਾ ਲੱਗ ਸਕਿਆ ਉਨ੍ਹਾਂ ਵਿਚ ਮੁੱਖ ਮੰਤਰੀ ਦੇ ਦੋ ਪੀ. ਏ. ਸ੍ਰੀ ਸਵਰਨ ਸਿੰਘ ਅਤੇ ਸ੍ਰੀ ਯਸ਼ਪਾਲ ਬਾਲੀ ਸ਼ਾਮਲ ਸਨ।

ਸ੍ਰੀ ਬੇਅੰਤ ਸਿੰਘ ਨੇ ਫਰਵਰੀ 1992 ਵਿਚ ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਕਾਇਮ ਕੀਤੀ ਸੀ। ਪਿਛੇ ਜਿਹੇ ਸਰਕਾਰ ਵਲੋਂ ਆਪਣੇ ਤਿੰਨ ਸਾਲ ਪੂਰੇ ਹੋਣ ਦੇ ਜਸ਼ਨ ਮਨਾਏ ਗਏ। ਸ੍ਰੀ ਬੇਅੰਤ ਸਿੰਘ 72 ਸਾਲ ਦੀ ਉਮਰ ਦੇ ਸਨ।

ਜਿਉਂ ਹੀ ਪੰਜਾਬ ਸਿਵਲ ਸਕੱਤਰੇਤ ਦੇ ਵੀ. ਆਈ. ਪੀ. ਗੇਟ ਉਤੇ ਇਸ ਸ਼ਕਤੀਸ਼ਾਲੀ ਬੰਬ ਧਮਾਕੇ ਨੇ ਪੰਜਾਬ ਸਰਕਾਰ ਦਾ ਸਭ ਕੁਝ ਤਬਾਹ ਕਰ ਦਿੱਤਾ ਤਾਂ ਇਸ ਤੋਂ ਤਕਰੀਬਨ 10 ਮਿੰਟ ਬਾਅਦ ਇਹ ਨਾਮਾਨਿਗਾਰ ਪ੍ਰੈਸ ਵਿਚੋਂ ਸਭ ਤੋਂ ਪਹਿਲਾਂ ਘਟਨਾ ਸਥਾਨ ਉਤੇ ਪੁੱਜਾ। ਉਸ ਸਮੇਂ ਸਕੱਤਰੇਤ ਦੇ ਖੇਤਰ ਵਿਚ ਬੜੀ ਖੌਫਨਾਕ ਸਥਿਤੀ ਬਣੀ ਹੋਈ ਸੀ। ਹਵਾ ਵਿਚ ਲਾਸ਼ਾਂ ਅਤੇ ਧੂੰਏਂ ਦੀ ਬਦਬੂ ਕਾਰਨ ਉਥੇ ਖੜ੍ਹਾ ਹੋਣਾ ਔਖਾ ਹੋ ਰਿਹਾ ਸੀ। ਸਿਵਲ ਸਕੱਤਰੇਤ ਦਾ ਅਗਲਾ ਹਿੱਸਾ ਯੁੱਧ ਦਾ ਮੈਦਾਨ ਬਣਿਆ ਹੋਇਆ ਸੀ।

ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਇਸ ਜਾਨ-ਲੇਵਾ ਘਟਨਾ ਤੋਂ ਪਹਿਲਾਂ ਅੱਜ ਕਾਫੀ ਲੰਮਾ ਸਮਾਂ ਸਿਵਲ ਸਕੱਤਰੇਤ ਵਿਖੇ ਦੂਜੀ ਮੰਜ਼ਲ ਉਤੇ ਆਪਣੇ ਦਫਤਰ ਵਿਚ ਸਰਕਾਰੀ ਮੀਟਿੰਗਾਂ ਅੰਦਰ ਰੁੱਝੇ ਰਹੇ। ਉਨ੍ਹਾਂ ਨੇ ਸਿੰਜਾਈ ਅਤੇ ਸਹਿਕਾਰਤਾ ਮੰਤਰੀ ਸ੍ਰੀ ਸੱਜਣ ਕੁਮਾਰ ਜਾਖੜ ਨਾਲ ਦੁਪਹਿਰ ਬਾਅਦ ਇਕ ਮੀਟਿੰਗ ਕੀਤੀ। ਉਸ ਤੋਂ ਬਾਅਦ ਉਨ੍ਹਾਂ ਦੇ ਮਿਥੇ ਪ੍ਰੋਗਰਾਮ ਵਿਚ ਤਿੰਨ ਪੱਤਰਕਾਰਾਂ ਨਾਲ ਵੱਖਰੀ ਵੱਖਰੀ ਮੁਲਾਕਾਤ ਵੀ ਸ਼ਾਮਲ ਸੀ। ਸ੍ਰੀ ਬੇਅੰਤ ਸਿੰਘ ਨੇ ਯੂ. ਟੀ. ਗੈਸਟ ਹਾਊਸ ਵਿਖੇ ਕੁਝ ਸਮਾਂ ਪਹਿਲਾਂ ਜਾਣਾ ਸੀ ਪ੍ਰੰਤੂ ਲੋਕਾਂ ਅਤੇ ਅਧਿਕਾਰੀਆਂ ਨਾਲ ਮੁਲਾਕਾਤ ਕਾਰਨ ਉਨ੍ਹਾਂ ਦੇ ਜਾਣ ਵਿਚ ਦੇਰੀ ਹੁੰਦੀ ਚਲੀ ਗਈ।

ਸ੍ਰੀ ਬੇਅੰਤ ਸਿੰਘ ਲਗਪਗ ਪੰਜ ਵੱਜ ਕੇ 10 ਮਿੰਟ ਉਤੇ ਆਪਣੇ ਦਫਤਰ ਵਿਚੋਂ ਆਪਣੇ ਅਮਲੇ ਦੇ ਨਾਲ ਬਾਹਰ ਨਿਕਲੇ। ਆਮ ਵਾਂਗ ਵੀ. ਆਈ. ਪੀ. ਲਿਫਟ ਉਨ੍ਹਾਂ ਦੀ ਇੰਤਜ਼ਾਰ ਵਿਚ ਖੜ੍ਹੀ ਸੀ। ਇਨ੍ਹਾਂ ਹੀ ਪਲਾਂ ਵਿਚ ਡਾਇਰੈਕਟਰ ਜਨਰਲ ਪੁਲੀਸ (ਇੰਟੈਲੀਜੈਂਸ) ਸ੍ਰੀ ਓ. ਪੀ. ਸ਼ਰਮਾ ਵੀ ਉਨ੍ਹਾਂ ਦੇ ਨਾਲ ਸਨ। ਪ੍ਰੰਤੂ ਰਸ਼ ਹੋਣ ਕਾਰਨ ਸ੍ਰੀ ਸ਼ਰਮਾ ਦੂਸਰੀ ਮੰਜ਼ਿਲ ਤੋਂ ਪੌੜੀਆਂ ਰਾਹੀਂ ਹੇਠਾਂ ਚਲੇ ਗਏ ਜਦੋਂ ਕਿ ਮੁੱਖ ਮੰਤਰੀ ਲਿਫਟ ਰਾਹੀਂ ਹੇਠਾਂ ਉਤਰੇ। ਸਕੱਤਰੇਤ ਦੇ ਵੀ. ਆਈ. ਪੀ. ਗੇਟ ਤੋਂ ਵੀ ਸ੍ਰੀ ਸ਼ਰਮਾ ਪਹਿਲਾਂ ਨਿਕਲ ਗਏ। ਸ੍ਰੀ ਸ਼ਰਮਾ ਦੀ ਕਾਰ ਮੁਸ਼ਕਿਲ ਨਾਲ ਸਕੱਤਰੇਤ ਦੇ ਤਾਰਾਂ ਵਾਲੇ ਗੇਟ ਤੋਂ ਨਿਕਲ ਕੇ ਪੰਜਾਬ ਵਿਧਾਨ ਸਭਾ ਦੇ ਸਾਹਮਣੇ ਗਈ ਹੋਵੇਗੀ ਕਿ ਸ਼ਕਤੀਸ਼ਾਲੀ ਬੰਬ ਧਮਾਕਾ ਹੋਇਆ। ਜੇਕਰ ਸ੍ਰੀ ਸ਼ਰਮਾ ਲਿਫਟ ਰਾਹੀਂ ਮੁੱਖ ਮੰਤਰੀ ਨਾਲ ਜਾਂਦੇ ਤਾਂ ਉਨ੍ਹਾਂ ਨੇ ਵੀ ਧਮਾਕੇ ਸਮੇਂ ਮੁੱਖ ਮੰਤਰੀ ਦੇ ਨਾਲ ਹੀ ਹੋਣਾ ਸੀ। ਸ੍ਰੀ ਸ਼ਰਮਾ ਦੀ ਗੱਡੀ ਮੁੜੀ ਤਾਂ ਉਸ ਸਮੇਂ ਤਕ ਸਭ ਕੁਝ ਤਬਾਹ ਹੋ ਚੁੱਕਾ ਸੀ।

ਸ੍ਰੀ ਬੇਅੰਤ ਸਿੰਘ ਦੇ ਅਮਲੇ ਦੇ ਸਹਿਮੇ ਹੋਏ ਮੈਂਬਰਾਂ ਨੇ ਭਰੇ ਹੋਏ ਗਲੇ ਨਾਲ ਦੱਸਿਆ ਕਿ ਮੁੱਖ ਮੰਤਰੀ ਨੇ ਯੂ. ਟੀ. ਗੈਸਟ ਹਾਊਸ ਲਈ ਰਵਾਨਗੀ ਕੀਤੀ ਸੀ ਜਿਥੇ ਕਿ ਉਨ੍ਹਾਂ ਨੇ ਸਹਿਕਾਰਤਾ ਅਤੇ ਸਿੰਜਾਈ ਮੰਤਰੀ ਸੱਜਣ ਕੁਮਾਰ ਜਾਖੜ ਨਾਲ ਡਰੇਨੇਜ ਵਿਭਾਗ ਦੀਆਂ ਬਦਲੀਆਂ ਬਾਰੇ ਮੀਟਿੰਗ ਕਰਨੀ ਸੀ। ਲਾਸ਼ਾਂ ਦੇ ਢੇਰ ਵਿਚ ਖੜ੍ਹੇ ਇਕ ਕਮਾਂਡੋ ਨੇ ਦੱਸਿਆ ਕਿ ਜਿਵੇਂ ਹੀ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਕਾਰ ਦਾ ਦਰਵਾਜ਼ਾ ਖੁੱਲ੍ਹਣ ਉਤੇ ਕਾਰ ਦੇ ਅੰਦਰ ਦਾਖਲ ਹੋਏ ਤਾਂ ਜ਼ੋਰਦਾਰ ਬੰਬ ਧਮਾਕਾ ਹੋਇਆ। ਧਮਾਕਾ ਹੁੰਦੇ ਹੀ ਕਾਰ ਨੂੰ ਅੱਗ ਲਗ ਗਈ। ਮੁੱਖ ਮੰਤਰੀ ਦੀ ਕਾਰ ਦੇ ਨਾਲ ਖੜ੍ਹੀਆਂ ਹੋਰ ਦੋ-ਤਿੰਨ ਕਾਰਾਂ ਨੂੰ ਵੀ ਅੱਗ ਲਗ ਗਈ। ਬੰਬ ਧਮਾਕੇ ਕਾਰਨ ਇੰਨਾ ਜ਼ਬਰਦਸਤ ਧੂੰਆਂ ਉਠਿਆ ਕਿ ਕੁਝ ਮਿੰਟਾਂ ਲਈ ਕੁਝ ਵੀ ਵਿਖਾਈ ਨਹੀਂ ਦੇ ਰਿਹਾ ਸੀ। ਧੂੰਆਂ ਮੱਧਮ ਪੈਂਦਿਆਂ ਹੀ ਮੌਕੇ ਉਤੇ ਹਾਜ਼ਰ ਸਕਿਉਰਿਟੀ ਦੇ ਜਵਾਨਾਂ ਨੇ ਵੇਖਿਆ ਕਿ ਸਿਵਲ ਸਕੱਤਰੇਤ ਦੇ ਮੰਤਰੀਆਂ ਅਤੇ ਅਧਿਕਾਰੀਆਂ ਵਾਲੇ ਗੇਟ ਦੇ ਚਾਰ-ਚੁਫੇਰੇ ਲਾਸ਼ਾਂ ਖਿੰਡੀਆਂ ਪਈਆਂ ਸਨ। ਮੁੱਖ ਮੰਤਰੀ ਦੀ ਤਬਾਹ ਹੋਈ ਕਾਰ ਐਨ ਗੇਟ ਦੇ ਸਾਹਮਣੇ ਹੀ ਖੜ੍ਹੀ ਸੀ। ਇਕ-ਦੋ ਮਿੰਟ ਲਈ ਅਧਿਕਾਰੀਆਂ ਨੇ ਸ੍ਰੀ ਬੇਅੰਤ ਸਿੰਘ ਬਾਰੇ ਇਕ-ਦੂਜੇ ਤੋਂ ਪੁੱਛਿਆ। ਫਿਰ ਪਤਾ ਲੱਗਾ ਕਿ ਸ੍ਰੀ ਬੇਅੰਤ ਸਿੰਘ ਤਾਂ ਖਤਮ ਹੋ ਗਏ। ਉਨ੍ਹਾਂ ਦੀ ਲਾਸ਼ ਮਾਸ ਦੇ ਸੜੇ ਹੋਏ ਚੀਥੜੇ ਵਾਂਗ ਕਾਰ ਵਿਚ ਪਈ ਸੀ। ਉਨ੍ਹਾਂ ਦੇ ਕੱਪੜੇ ਜਾਂ ਉਨ੍ਹਾਂ ਦੇ ਮੁਹਾਂਦਰੇ ਦੀ ਕੋਈ ਪਛਾਣ ਬਾਕੀ ਨਹੀਂ ਬਚੀ ਸੀ।

ਸ੍ਰੀ ਬੇਅੰਤ ਸਿੰਘ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਦੀਆਂ ਤਸਵੀਰਾਂ ਸਫਾ 5 'ਤੇ

ਸ੍ਰੀ ਬੇਅੰਤ ਸਿੰਘ ਦੀ ਲਾਸ਼ ਦੇ ਨੇੜੇ ਪਏ ਇਕ ਬੂਟ ਨੂੰ ਇਕ ਪੁਲੀਸ ਅਧਿਕਾਰੀ ਨੇ ਹਿਲਾ ਕੇ ਪਛਾਨਣ ਦੀ ਕੋਸ਼ਿਸ਼ ਕੀਤੀ ਤਾਂ ਸ੍ਰੀ ਬੇਅੰਤ ਸਿੰਘ ਦੀ ਸਕਿਉਰਿਟੀ ਦੇ ਇੰਚਾਰਜ ਇਕ ਅਧਿਕਾਰੀ ਸ੍ਰੀ ਬਖਸ਼ੀ ਨੇ ਕਿਹਾ, ''ਇਹ ਸਰਦਾਰ ਸਾਹਿਬ ਦਾ ਬੂਟ ਨਹੀਂ ਹੈ।''

ਇਸ ਬੰਬ ਧਮਾਕੇ ਵਿਚ ਲਗਪਗ ਅੱਧੀ ਦਰਜਨ ਲੋਕ ਜ਼ਖਮੀ ਵੀ ਹੋਏ ਜਿਨ੍ਹਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਜ਼ਖਮੀਆਂ ਨੂੰ ਪੀ. ਜੀ. ਆਈ. ਭੇਜ ਦਿੱਤਾ ਗਿਆ।

ਸ਼ਕਤੀਸ਼ਾਲੀ ਬੰਬ ਦੇ ਫਟਣ ਨਾਲ ਸਿਵਲ ਸਕੱਤਰੇਤ ਦਾ ਵੀ. ਆਈ. ਪੀ. ਗੇਟ ਵਾਲੇ ਪਾਸੇ ਦਾ ਹਿੱਸਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਜਿਸ ਵਰਾਂਡੇ ਹੇਠ ਸ੍ਰੀ ਬੇਅੰਤ ਸਿੰਘ ਦੀ ਬਦਕਿਸਮਤ ਕਾਰ ਖੜ੍ਹੀ ਸੀ ਉਸ ਵਰਾਂਡੇ ਦਾ ਸਾਰਾ ਅੰਦਰਲਾ ਹਿੱਸਾ ਧੂੰਏਂ ਨਾਲ ਕਾਲਾ ਹੋਇਆ ਪਿਆ ਸੀ। ਗੇਟ ਦੇ ਨਾਲ ਦੋਹੀਂ ਪਾਸੀਂ ਸਕੱਤਰੇਤ ਦੀ ਦੀਵਾਰ ਦੇ ਸ਼ੀਸ਼ੇ ਚਕਨਾਚੂਰ ਹੋ ਕੇ ਦੂਰ ਦੂਰ ਤਕ ਖਿੰਡੇ ਪਏ ਸਨ। ਗੇਟ ਦੇ ਅੰਦਰ ਸਿਵਲ ਸਕੱਤਰੇਤ ਦੀ ਛੱਤ ਦੇ ਕਾਫੀ ਹਿੱਸੇ ਟੁੱਟ ਕੇ ਹੇਠਾਂ ਡਿੱਗੇ ਪਏ ਸਨ। ਪੰਜਾਬ ਦੇ ਸਭਿਆਚਾਰ ਨੂੰ ਪ੍ਰਗਟਾਉਂਦੀ ਇਕ ਵੱਡੀ ਅਲਮਾਰੀ ਟੁੱਟ ਕੇ ਹੇਠਾਂ ਡਿੱਗੀ ਪਈ ਸੀ। ਪੰਜਾਬ ਮੰਤਰੀ ਮੰਡਲ ਦੀਆਂ ਤਸਵੀਰਾਂ ਵਾਲਾ ਬੋਰਡ ਟੁੱਟ ਕੇ ਮਲਬੇ ਵਿਚ ਡਿੱਗਿਆ ਪਿਆ ਸੀ। ਇਕੋ ਲਾਸ਼ ਗਰਾਊਂਡ ਫਲੋਰ ਦੇ ਫਰਸ਼ ਉਤੇ ਵੀ ਡਿੱਗੀ ਪਈ ਸੀ। ਟੁੱਟੇ ਹੋਏ ਸ਼ੀਸ਼ੇ, ਲਟਕਦੀਆਂ ਹੋਈਆਂ ਲੱਕੜੀਆਂ ਅਤੇ ਸੀਮਿੰਟ ਦੇ ਡਿੱਗੇ ਮੋਟੇ ਖਲੇਪੜ ਪੰਜਾਬ ਸਿਵਲ ਸਕੱਤਰੇਤ ਦੀ ਪਲਾਂ ਵਿਚ ਹੋਈ ਤਬਾਹੀ ਦੀ ਮੂੰਹੋਂ ਬੋਲਦੀ ਤਸਵੀਰ ਸਨ।

ਮਲਬੇ ਦੇ ਇਸ ਢੇਰ ਵਿਚੋਂ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੇ ਦੂਜੀ ਮੰਜ਼ਲ ਉਪਰ ਸਥਿਤ ਦਫਤਰ ਨੂੰ ਜਾਂਦੀਆਂ ਪੌੜੀਆਂ ਵੀ ਟੁੱਟ-ਫੁੱਟ ਅਤੇ ਕਚਰੇ ਨਾਲ ਭਰੀਆਂ ਪਈਆਂ ਸਨ। ਦੂਜੀ ਮੰਜ਼ਿਲ ਉਤੇ ਸ੍ਰੀ ਬੇਅੰਤ ਸਿੰਘ ਦੇ ਦਫਤਰ ਦਾ ਕਮਰਾ, ਉਨ੍ਹਾਂ ਦੇ ਨਾਲ ਲਗਦੇ ਕਮਰੇ ਅਤੇ ਸਿਹਤ ਮੰਤਰੀ ਸ੍ਰੀ ਹਰਚਰਨ ਸਿੰਘ ਬਰਾੜ ਦਾ ਕਮਰਾ ਤਬਾਹੀ ਦਾ ਨਮੂਨਾ ਬਣਿਆ ਹੋਇਆ ਸੀ। ਅਜੇ ਬੀਤੇ ਕੱਲ੍ਹ ਹੀ ਮੁੱਖ ਮੰਤਰੀ ਦੇ ਕਮਰੇ ਦੇ ਬਾਹਰਲੇ ਗੇਟ ਤੋਂ ਵੀ ਬਾਹਰ ਸਕਿਉਰਿਟੀ ਮੰਤਵ ਲਈ ਇਕ ਹੋਰ ਵਿਸ਼ੇਸ਼ ਦਰਵਾਜ਼ਾ ਤਿਆਰ ਕਰਵਾਇਆ ਗਿਆ ਸੀ ਜਿਸ ਵਿਚ ਦੀ ਲੰਘ ਕੇ ਸ੍ਰੀ ਬੇਅੰਤ ਸਿੰਘ ਦੇ ਮੁਲਾਕਾਤੀਆਂ ਨੇ ਇੰਤਜ਼ਾਰ ਲਈ ਬਰਾਮਦੇ ਵਿਚ ਬੈਠਿਆ ਕਰਨਾ ਸੀ।

ਸ੍ਰੀ ਬੇਅੰਤ ਸਿੰਘ ਦੇ ਕਮਰੇ ਅੰਦਰ ਵੀ ਬੰਬ ਧਮਾਕੇ ਕਾਰਨ ਤਬਾਹੀ ਮਚੀ ਹੋਈ ਸੀ। ਕਮਰੇ ਦੇ ਗੇਟ ਵਾਲੇ ਅਤੇ ਵਿਧਾਨ ਸਭਾ ਵਾਲੇ ਪਾਸੇ ਦੇ ਵੱਡੇ

(ਬਾਕੀ ਸਫਾ 5 ਕਾਲਮ 1)

ਖਾੜਕੂਵਾਦ ਦਾ ਕਾਲਾ ਚਿਹਰਾ

ਹਰੀ ਜੈ ਸਿੰਘ

ਮੁੱਖ ਮੰਤਰੀ ਬੇਅੰਤ ਸਿੰਘ ਦੀ ਇਕ ਜ਼ਬਰਦਸਤ ਬੰਬ ਧਮਾਕੇ ਵਿਚ ਹੋਈ ਹਿਰਦੇਵੇਦਕ ਮੌਤ ਨਾਲ ਜਾਪਦਾ ਹੈ ਕਿ ਪੰਜਾਬ ਵਿਚ ਦਹਿਸ਼ਤਵਾਦ ਦਾ ਭੂਤ ਫਿਰ ਬਦਲੇ-ਖੋਰੀ 'ਤੇ ਉਤਰ ਆਇਆ ਹੈ। ਇਹ ਦਰਦਨਾਕ ਘਟਨਾ ਉਦੋਂ ਵਾਪਰੀ ਜਦੋਂ ਰਾਜ ਦੇ ਸਿਆਸੀ ਤੇ ਪ੍ਰਸ਼ਾਸਕੀ ਹਲਕਿਆਂ ਵਿਚ ਰਾਜ ਵਿਚ ਅਮਨ ਪਰਤ ਆਉਣ 'ਤੇ ਤਸੱਲੀ ਪ੍ਰਗਟਾਈ ਜਾਣ ਲਗ ਪਈ ਸੀ। ਇਹ ਗੱਲ ਨਹੀਂ ਕਿ ਬਹੁਤ ਹੀ ਅਹਿਮ ਸ਼ਖਸੀਅਤਾਂ ਦੇ ਦੁਆਲੇ ਸੁਰੱਖਿਆ ਪ੍ਰਬੰਧਾਂ ਵਿਚ ਕੋਈ ਕਮੀ ਕੀਤੀ ਗਈ ਹੋਵੇ। ਇਸ ਦੇ ਉਲਟ ਮੰਤਰੀਆਂ ਤੇ ਹੋਰ ਅਹਿਮ ਸ਼ਖਸੀਅਤਾਂ ਦੁਆਲੇ ਪੂਰਾ ਸੁਰੱਖਿਆ ਘੇਰਾ ਹੁੰਦਾ ਹੈ। ਇਹ ਬੰਬ ਧਮਾਕਾ ਉਸ ਸਮੇਂ ਹੋਇਆ ਜਦੋਂ ਮੁੱਖ ਮੰਤਰੀ ਆਪਣੇ ਕਮਾਂਡੋਜ਼ ਦੀ ਸੁਰੱਖਿਆ ਹੇਠ ਕਾਰ ਵਿਚ ਬੈਠਣ ਹੀ ਲੱਗੇ ਸਨ। ਇਸ ਤੋਂ ਜਾਪਦਾ ਹੈ ਕਿ ਇਹ ਧਮਾਕਾ ਕਰਨ ਵਾਲੇ ਮੁੱਖ ਮੰਤਰੀ ਦੀ ਸੁਰੱਖਿਆ ਛਤਰੀ ਵਿਚ ਹੀ ਘੁਸਪੈਠ ਕਰ ਗਏ ਵਿਅਕਤੀ ਸਨ। ਸਪਸ਼ਟ ਤੌਰ 'ਤੇ ਇਹ ਕੰਮ ਕੁਝ ਅੰਦਰਲੇ ਵਿਅਕਤੀਆਂ ਦਾ ਹੀ ਹੈ ਜਿਨ੍ਹਾਂ ਨੇ ਖਾੜਕੂਆਂ ਦੇ ਕਿਸੇ ਸੰਭਾਵਿਤ ਹਮਲੇ ਤੋਂ ਮੁੱਖ ਮੰਤਰੀ ਦੀ ਸੁਰੱਖਿਆ ਕਰਨੀ ਸੀ। ਇਹ ਧਮਾਕਾ ਕਿਸੇ ਗਹਿਰੀ ਸਾਜ਼ਿਸ਼ ਦਾ ਸਿੱਟਾ ਹੈ ਤੇ ਇਸ ਸਬੰਧ ਵਿਚ ਮੌਜੂਦਾ ਖੁਫੀਆ ਪ੍ਰਬੰਧਾਂ ਦੀ ਮੁਕੰਮਲ ਅਸਫਲਤਾ ਹੋਈ ਹੈ। ਸੰਭਵ ਹੈ ਕਿ ਇਹ ਹੱਤਿਆ ਵੀ ਉਵੇਂ ਹੀ ਕੀਤੀ ਗਈ ਹੋਵੇ ਜਿਵੇਂ ਕਿ ਕੁਝ ਵਰ੍ਹੇ ਪਹਿਲਾਂ ਸ੍ਰੀਮਤੀ ਇੰਦਰਾ ਗਾਂਧੀ ਦੀ ਕੀਤੀ ਗਈ ਸੀ।

ਵੀਰਵਾਰ ਨੂੰ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਹੋਈ ਇਸ ਘਟਨਾ ਦਾ ਅਰਥ ਇਹੋ ਨਿਕਲਦਾ ਹੈ ਕਿ ਇਸ ਨਾਲ ਪੰਜਾਬ ਵਿਚ ਦਹਿਸ਼ਤਵਾਦ ਵਿਰੁੱਧ ਲੜਾਈ ਨੂੰ ਜ਼ਬਰਦਸਤ ਢਾਹ ਲੱਗੇਗੀ। ਇਸੇ ਲੜਾਈ ਕਾਰਨ ਹੀ ਸ੍ਰੀ ਬੇਅੰਤ ਸਿੰਘ ਇਕ ਬੇਤਾਜ ਨਾਇਕ ਵਜੋਂ ਉਭਰੇ ਸਨ। ਇਸ ਹਿਰਦੇਵੇਦਕ ਘਟਨਾ ਤੋਂ ਨੀਤੀ ਘਾੜਿਆਂ ਅਤੇ ਰਾਜ ਦੇ ਲੋਕਾਂ ਨੂੰ ਰਾਜ ਵਿਚ ਖਾੜਕੂਵਾਦ ਦੀ ਸਥਿਤੀ ਸਬੰਧੀ ਨਵੇਂ ਸਿਰੇ ਤੋਂ ਸੋਚਣਾ ਚਾਹੀਦਾ ਹੈ। ਸਮੇਂ ਸਮੇਂ ਇਹ ਰਿਪੋਰਟਾਂ ਮਿਲਦੀਆਂ ਰਹਿੰਦੀਆਂ ਹਨ ਕਿ ਵੱਖ ਵੱਖ ਖਾੜਕੂ ਗਰੁੱਪ ਆਪਣੇ ਵਿਦੇਸ਼ੀ ਸਰਪ੍ਰਸਤਾਂ ਦੀ ਸਲਾਹ ਤੇ ਸਹਿਯੋਗ ਨਾਲ ਮੁੜ ਤੋਂ ਸੰਗਠਿਤ ਹੋਣ ਦੇ ਯਤਨਾਂ 'ਚ ਹਨ। ਪਰ ਸਰਕਾਰੀ ਤੌਰ 'ਤੇ ਰਾਜ ਦੇ ਅਮਨ ਨੂੰ ਇਸ ਸੰਭਾਵਿਤ ਖਤਰੇ ਤੋਂ ਬਚਾਉਣ ਲਈ ਗੰਭੀਰਤਾ ਨਾਲ ਨਹੀਂ ਸੋਚਿਆ ਜਾ ਰਿਹਾ। ਕਿਸੇ ਰੋਹ ਭਰੇ ਪ੍ਰਤੀਕਰਮ ਦੀ ਬਜਾਏ ਇਸ ਸਮੇਂ ਲੋੜ ਹੈ ਕਿ ਸਬਰ ਤੇ ਸੰਕੋਚ ਤੋਂ ਕੰਮ ਲਿਆ ਜਾਵੇ। ਇਸ ਭਿਅੰਕਰ ਘਟਨਾ ਦੇ ਵੱਖ ਵੱਖ ਗਰੁੱਪਾਂ ਲਈ ਵੱਖ ਵੱਖ ਅਰਥ ਹੋ ਸਕਦੇ ਹਨ ਪਰ ਅਸਲੀਅਤ ਇਹ ਹੈ ਕਿ ਲੋਕਾਂ ਨੇ ਇਹ ਮੰਨ ਹੀ ਲਿਆ ਸੀ ਕਿ ਰਾਜ ਵਿਚ ਅਮਨ ਤੇ ਸਦਭਾਵਨਾ ਦਾ ਮਾਹੌਲ ਬਣ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਇੱਛਾ ਸੀ ਕਿ ਹੁਣ ਵਿਕਾਸਕਾਰੀ ਕੰਮ ਤੇਜ਼ ਕੀਤੇ ਜਾਣ। ਕੁਦਰਤ ਨੂੰ ਸ਼ਾਇਦ ਇਹ ਮਨਜ਼ੂਰ ਨਹੀਂ ਸੀ।

ਆਮ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਅਮਨ ਤੇ ਆਮ ਵਰਗੇ ਹਾਲਾਤ ਬਣਾਈ ਰੱਖਣੇ ਹੋਣਗੇ ਇਸ ਮਾਮਲੇ 'ਤੇ ਕੋਈ ਢਿੱਲ ਨਹੀਂ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਲੋਕਤੰਤਰ ਦਾ ਅਮਲ ਵੀ ਪੂਰੀ ਤਰ੍ਹਾਂ ਚਲਦਾ ਰਹਿਣਾ ਚਾਹੀਦਾ ਹੈ। ਇਸ ਸਮੇਂ ਸਵਾਲ ਇਹ ਨਹੀਂ ਹੈ ਕਿ ਕਿਸ ਦੀ ਜਿੱਤ ਹੋਈ ਹੈ ਜਾਂ ਕਿਸ ਦੀ ਹਾਰ ਹੋਈ ਹੈ। ਪੰਜਾਬ ਦੇ ਲੋਕਾਂ ਨੂੰ ਇਸ ਸਮੇਂ ਇਕ ਹੋ ਕੇ ਉਠ ਖੜ੍ਹਨਾ ਚਾਹੀਦਾ ਹੈ ਤੇ ਬਾਕੀ ਦੇਸ਼ ਤੇ ਸੰਸਾਰ ਦੇ ਲੋਕਾਂ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਇਕ ਦਹਾਕੇ ਤੋਂ ਵੀ ਵੱਧ ਸਮੇਂ ਤਕ ਦੇ ਦਹਿਸ਼ਤਵਾਦ ਮਗਰੋਂ ਰਾਜ ਵਿਚ ਅਮਨ ਲਿਆਉਣ ਵਾਲੇ ਸ. ਬੇਅੰਤ ਸਿੰਘ ਦਾ ਡੁੱਲ੍ਹਿਆ ਖੂਨ ਅਜਾਈਂ ਨਹੀਂ ਜਾਵੇਗਾ। ਪੰਜਾਬ ਦੇ ਲੋਕ ਦਲੇਰ ਵੀ ਹਨ ਅਤੇ ਅਗਵਾਈ ਕਰਨ ਵਾਲੇ ਵੀ ਹਨ। ਗੋਲੀਆਂ ਦੇ ਮੀਂਹ ਪੇਟ ਵਿਚ ਉਨ੍ਹਾਂ ਬੜਾ ਨੁਕਸਾਨ ਝੱਲਿਆ ਹੈ। ਆਸ ਹੈ ਕਿ ਉਹ ਹੁਣ ਇਤਿਹਾਸ ਨੂੰ ਦੁਹਰਾਏ ਜਾਣ ਦੀ ਆਗਿਆ ਨਹੀਂ ਦੇਣਗੇ। ਆਜ਼ਾਦੀ ਦਾ ਮੁੱਲ ਤਾਰਨਾ ਹੀ ਪੈਂਦਾ ਹੈ ਅਤੇ ਅਸੀਂ ਜਾਣਦੇ ਹਾਂ ਕਿ ਕਿਵੇਂ ਅਤੇ ਕਦੋਂ ਅਸੀਂ ਇਕ ਹੋ ਕੇ ਚੱਟਾਨ ਦੀ ਤਰ੍ਹਾਂ ਖੜ੍ਹਨਾ ਹੈ। ਹੁਣ ਪੰਜਾਬ ਵਿਚ ਅਮਨ ਤੇ ਆਮ ਵਰਗੇ ਹਾਲਾਤ ਬਣਾਈ ਰੱਖਣ ਦੀ ਜ਼ਿੰਮੇਵਾਰੀ ਕਾਇਮ ਮੁਕਾਮ ਮੁੱਖ ਮੰਤਰੀ ਸ. ਹਰਚਰਨ ਸਿੰਘ ਬਰਾੜ ਤੇ ਆ ਪਈ ਹੈ।

ਬੇਅੰਤ ਸਿੰਘ ਦੀ ਸ਼ਹਾਦਤ ਅਤਿਵਾਦ ਵਿਰੁੱਧ ਤਹੱਈਏ ਨੂੰ ਹੋਰ ਪੱਕਾ ਕਰੇਗੀ: ਡਾ. ਸ਼ਰਮਾ

ਨਵੀਂ ਦਿੱਲੀ, 31 ਅਗਸਤ (ਏਜੰਸੀਆਂ) – ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਨੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਨੂੰ 'ਕਾਇਰਤਾ ਅਤੇ ਘਿਨੌਣਾ' ਕਾਰਾ ਕਰਾਰ ਦਿੰਦਿਆਂ ਇਸ ਨੂੰ ਭਾਰਤ ਦੇ ਸਭਿਆਚਾਰ ਅਤੇ ਭਾਵਨਾ ਦੇ ਉਲਟ ਕਰਾਰ ਦਿੱਤਾ ਹੈ।

ਪੰਜਾਬ ਵਿਚ ਅਮਨ ਅਤੇ ਖੁਸ਼ਹਾਲੀ ਪਰਤਾਉਣ ਪ੍ਰਤੀ ਸ੍ਰੀ ਬੇਅੰਤ ਸਿੰਘ ਦੇ ਯੋਗਦਾਨ ਨੂੰ ਚੇਤੇ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਮੁੱਖ ਮੰਤਰੀ ਦੀ ਸ਼ਹਾਦਤ ਦਹਿਸ਼ਤਵਾਦ ਵਿਰੁੱਧ ਸਾਡੀ ਲੜਾਈ ਦੇ ਤਹੱਈਏ ਨੂੰ ਹੋਰ ਵੀ ਪੱਕਿਆਂ ਕਰੇਗੀ।

ਉਪ ਰਾਸ਼ਟਰਪਤੀ ਸ੍ਰੀ ਕੇ. ਆਰ. ਨਾਰਾਇਣ ਨੇ ਇਸ ਹੱਤਿਆ ਉਤੇ ਅਫਸੋਸ ਪ੍ਰਗਟਾਉਂਦਿਆਂ ਕਿਹਾ ਹੈ ਕਿ ਇਹ ਘਟਨਾ ਪੰਜਾਬ ਦੇ ਲੋਕਾਂ ਦਹਿਸ਼ਤਵਾਦ ਵਿਰੁੱਧ ਉਠਣ ਦੀ ਪ੍ਰੇਰਨਾ ਦੇਵੇਗੀ।

ਪ੍ਰਧਾਨ ਮੰਤਰੀ ਸ੍ਰੀ ਪੀ. ਵੀ. ਨਰਸਿਮਹਾ ਰਾ ਜੋ ਕਿ ਇਕ ਦਿਨ ਦੇ ਦੌਰੇ ਉਤੇ ਮਦਰਾਸ ਗਏ ਹ ਹਨ, ਗ੍ਰਹਿ ਮੰਤਰੀ ਸ੍ਰੀ ਐਸ. ਬੀ. ਚਵਾਨ ਅਤੇ ਰਾ ਦੇ ਰਾਜਪਾਲ ਲੈ. ਜਨਰਲ ਬੀ. ਕੇ. ਐਨ. ਛਿੱਬ

(ਬਾਕੀ ਸਫਾ 5 ਕਾਲਮ 4)

ਰਾਜਪਾਲ ਵਲੋਂ ਨਾਇਡੂ ਨੂੰ ਸਰਕਾਰ ਬਣਾਉਣ ਦਾ ਸੱਦਾ

ਹੈਦਰਾਬਾਦ, 31 ਅਗਸਤ (ਏਜੰਸੀਆਂ)– ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਐਨ. ਟੀ. ਰਾਮਾਰਾਓ ਦੇ ਅਸਤੀਫੇ ਪਿੱਛੋਂ ਰਾਜਪਾਲ ਸ੍ਰੀ ਕ੍ਰਿਸ਼ਨ ਕਾਂਤ ਨੇ ਅੱਜ ਤੇਲਗੂ ਦੇਸਮ ਵਿਧਾਇਕ ਪਾਰਟੀ ਦੇ ਆਗੂ ਐਨ. ਚੰਦਰਬਾਬੂ ਨਾਇਡੂ ਨੂੰ ਨਵੀਂ ਸਰਕਾਰ ਬਣਾਉਣ ਲਈ ਸੱਦਾ ਦੇ ਦਿੱਤਾ।

ਰਾਜਪਾਲ ਵਲੋਂ ਸ੍ਰੀ ਨਾਇਡੂ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤੇ ਜਾਣ ਤੋਂ ਪਹਿਲਾਂ ਤੇਲਗੂ ਦੇਸਮ ਪਾਰਟੀ ਦੇ ਆਗੂ ਡਾ. ਡੀ. ਵੈਂਕਟੇਸ਼ਵਰ ਰਾਓ ਅਤੇ ਸਾਬਕਾ ਮੰਤਰੀਆਂ ਅਸ਼ੋਕ ਗਜਪਤੀ ਰਾਜੂ, ਟੀ. ਦੇਵੇਂਦਰ ਗੌੜ ਅਤੇ ਕੇ. ਵਿਦਿਆਧਰ ਰਾਜਪਾਲ ਨੂੰ ਸ਼ਾਮੀਂ ਕੋਈ 4.30 ਵਜੇ ਮਿਲੇ ਅਤੇ ਉਨ੍ਹਾਂ ਪਾਰਟੀ ਦੀ ਤਰਫੋਂ ਇਕ ਪੱਤਰ ਦੇ ਕੇ ਬੇਨਤੀ ਕੀਤੀ ਕਿ ਸ੍ਰੀ ਨਾਇਡੂ ਜਿਨ੍ਹਾਂ ਨੂੰ ਕਿ ਤੇਲਗੂ ਦੇਸਮ ਵਿਧਾਇਕ ਦਲ ਦਾ ਆਗੂ ਚੁਣਿਆ ਗਿਆ ਹੈ, ਨੂੰ ਸਰਕਾਰ ਬਣਾਉਣ ਲਈ ਸੱਦਾ ਦਿੱਤਾ ਜਾਵੇ। ਜਵਾਬ ਵਿਚ ਰਾਜਪਾਲ ਨੇ ਸ੍ਰੀ ਨਾਇਡੂ ਨੂੰ ਸਰਕਾਰ ਬਣਾਉਣ ਲਈ ਸੱਦਾ ਦੇ ਦਿੱਤਾ। ਸ੍ਰੀ ਨਾਇਡੂ ਅਹੁਦੇ ਦਾ ਹਲਫ ਭਲਕੇ 12.15 ਉਤੇ ਲੈਣਗੇ।

ਰਾਮਾਰਾਓ ਦਾ ਅਸਤੀਫਾ: ਘਟਨਾਵਾਂ ਨੂੰ ਨਾਟਕੀ ਮੋੜ ਦਿੰਦਿਆਂ ਮੁੱਖ ਮੰਤਰੀ ਸ੍ਰੀ ਐਨ.ਟੀ. ਰਾਮਾਰਾਓ ਨੇ ਰਾਜ ਵਿਧਾਨ ਸਭਾ ਵਿਚ ਭਰੋਸੇ ਦਾ ਵੋਟ ਹਾਸਲ ਕਰਨ ਤੋਂ ਕੁਝ ਹੀ ਘੰਟੇ ਪਹਿਲਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਰਾਜਪਾਲ ਸ੍ਰੀ ਕ੍ਰਿਸ਼ਨ ਕਾਂਤ ਨੇ ਸ੍ਰੀ ਰਾਮਾਰਾਓ ਦਾ ਅਸਤੀਫਾ ਪ੍ਰਵਾਨ ਕਰ ਲਿਆ ਅਤੇ ਉਨ੍ਹਾਂ ਨੂੰ ਬਦਲਵੇਂ ਪ੍ਰਬੰਧ ਹੋਣ ਤਕ ਦੇ ਸਮੇਂ ਲਈ ਅਹੁਦੇ ਉਤੇ ਕੰਮ ਕਰਦੇ ਰਹਿਣ ਲਈ ਕਿਹਾ।

ਰਾਮਾਰਾਓ ਬੀਮਾਰ: ਸ੍ਰੀ ਰਾਮਾਰਾਓ ਅੱਜ ਸਵੇਰੇ ਅਚਾਨਕ ਬਿਮਾਰ ਹੋ ਗਏ ਅਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਉਨ੍ਹਾਂ ਨੂੰ ਸਾਹ ਦੀ ਤਕਲੀਫ ਸੀ। ਉਨ੍ਹਾਂ ਦੀ ਪਤਨੀ ਲਕਸ਼ਮੀ ਸ਼ਿਵ ਪਾਰਵਤੀ ਨੂੰ ਵੀ ਬਿਮਾਰ ਹੋਣ ਕਾਰਨ ਹਸਪਤਾਲ ਦਾਖਲ ਕਰਵਾਇਆ ਗਿਆ। ਉਹ ਹਸਪਤਾਲ ਵਿਚ ਸ੍ਰੀ ਰਾਮਾਰਾਓ ਦੀ ਖਬਰ ਲੈਣ ਲਈ ਗਈ ਸੀ ਕਿ ਉਨ੍ਹਾਂ ਦੇ ਸਿਰਹਾਣੇ ਬੈਠੇ ਹੀ ਬੇਹੋਸ਼ ਹੋ ਗਈ।

ਗ੍ਰਹਿ ਮੰਤਰੀ ਪੀ. ਇੰਦਰ ਰੈਡੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਰਾਮਾਰਾਓ ਬੇਹੋਸ਼ ਹਨ ਅਤੇ ਡਾਕਟਰ ਉਨ੍ਹਾਂ ਦੀ ਸੰਭਾਲ ਕਰ ਰਹੇ ਹਨ।

ਸਮਾਗਮ ਮੁਲਤਵੀ: ਬਦਲੇ ਹੋਏ ਹਾਲਾਤ ਵਿਚ ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ ਵਾਈ. ਰਾਮਾਕ੍ਰਿਸ਼ਨੂੰ ਨੇ ਮੁੱਖ ਮੰਤਰੀ ਸ੍ਰੀ ਰਾਮਾਰਾਓ ਵਲੋਂ ਅਸਤੀਫਾ ਦਿੱਤੇ ਜਾਣ ਕਾਰਨ ਸਦਨ ਜੁੜਨ ਦੇ 15 ਮਿੰਟ ਪਿੱਛੋਂ ਹੀ ਉਠਾ ਦਿੱਤਾ। ਜਿਉਂ ਹੀ ਸਦਨ 4 ਵਜੇ ਜੁੜਿਆ ਸਪੀਕਰ ਨੇ ਸਦਨ ਨੂੰ ਦੋ ਪੱਤਰਾਂ ਬਾਰੇ ਦੱਸਿਆ ਜਿਨ੍ਹਾਂ ਵਿਚੋਂ ਇਕ ਸ੍ਰੀ ਰਾਮਾਰਾਓ ਦੇ ਅਸਤੀਫੇ ਦਾ ਸੀ ਅਤੇ ਦੂਜਾ ਰਾਜਪਾਲ ਵਲੋਂ ਇਸ ਨੂੰ ਪ੍ਰਵਾਨ ਕਰ ਲਏ ਜਾਣ ਬਾਰੇ ਸੀ। ਉਨ੍ਹਾਂ ਸਦਨ ਤੁਰਤ ਹੀ ਅਣਮਿਥੇ ਸਮੇਂ ਲਈ ਉਠਾ ਦਿੱਤਾ ਕਿਉਂਕਿ ਵਿਧਾਨ ਸਭਾ ਦਾ ਇਜਲਾਸ ਇਕ ਨੁਕਾਤੀ ਏਜੰਡੇ ''ਰਾਮਾਰਾਓ ਦੀ ਅਗਵਾਈ ਹੇਠਲੇ ਮੰਤਰੀ ਮੰਡਲ ਵਿਚ ਭਰੋਸਾ ਪ੍ਰਗਟਾਉਣ'' ਲਈ ਸੱਦਿਆ ਗਿਆ ਸੀ।

ਸਪੀਕਰ ਨੇ ਦੱਸਿਆ ਕਿ ਰਾਜਪਾਲ ਨੇ ਅਸਤੀਫਾ ਪ੍ਰਵਾਨ ਕਰਦਿਆਂ ਸ੍ਰੀ ਰਾਮਾਰਾਓ ਨੂੰ ਨਵੀਂ ਸਰਕਾਰ ਬਣਨ ਤਕ ਦੇ ਸਮੇਂ ਲਈ ਅਹੁਦੇ ਉਤੇ ਬਣੇ ਰਹਿਣ ਲਈ ਆਖਿਆ ਹੈ।

ਸ੍ਰੀ ਰਾਮਾਰਾਓ ਵਜ਼ਾਰਤ ਦੇ ਮੰਤਰੀਆਂ ਸਮੇਤ ਉਨ੍ਹਾਂ ਦਾ ਕੋਈ ਵੀ ਹਮਾਇਤੀ ਸਦਨ ਵਿਚ ਹਾਜ਼ਰ ਨਹੀਂ ਸੀ।

ਹੱਤਿਆ ਪਿੱਛੇ ਪੰਜਾਬ ਦੇ ਖਾੜਕੂਆਂ ਦਾ ਹੱਥ

ਚੰਡੀਗੜ੍ਹ, 31 ਅਗਸਤ (ਟ੍ਰਿਬਿਊਨ ਨਿਊਜ਼ ਸਰਵਿਸ) –ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਕੇ. ਪੀ. ਐਸ. ਗਿੱਲ ਨੇ ਕਿਹਾ ਹੈ ਕਿ ਸ੍ਰੀ ਬੇਅੰਤ ਸਿੰਘ ਦੀ ਕਾਰ ਬੰਬ ਧਮਾਕੇ ਵਿਚ ਮੌਤ ਪਿੱਛੇ ਪੰਜਾਬ ਦੇ ਖਾੜਕੂਆਂ ਦਾ ਹੱਥ ਹੈ।

ਅੱਜ ਸ਼ਾਮੀਂ ਰਾਜ ਭਵਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਗਿੱਲ ਨੇ ਕਿਹਾ ਕਿ ਪੰਜਾਬ

(ਬਾਕੀ ਸਫਾ 5 ਕਾਲਮ 7)

ਪੰਜਾਬ, ਹਰਿਆਣਾ ਤੇ ਯੂ.ਟੀ. ਦੇ ਦਫਤਰ ਤੇ ਅਦਾਲਤਾਂ ਬੰਦ

ਚੰਡੀਗੜ੍ਹ, 31 ਅਗਸਤ (ਯੂ. ਐਨ. ਆਈ.) – ਪੰਜਾਬ, ਹਰਿਆਣਾ ਸਰਕਾਰ ਅਤੇ ਯੂ. ਟੀ. ਪ੍ਰਸ਼ਾਸਨ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਬੰਬ ਧਮਾਕੇ 'ਚ ਮੌਤ ਦੇ ਸੋਗ ਵਜੋਂ ਇਨ੍ਹਾਂ ਰਾਜਾਂ ਵਿਚ ਸਾਰੇ ਵਿਦਿਅਕ ਅਦਾਰੇ ਤੇ ਸਰਕਾਰੀ ਦਫਤਰ ਤਿੰਨ ਦਿਨਾਂ ਲਈ ਬੰਦ ਕਰਨ ਅਤੇ ਸੱਤ ਦਿਨਾਂ ਦਾ ਸਰਕਾਰੀ ਸੋਗ ਮਨਾਉਣ ਦਾ ਐਲਾਨ ਕੀਤਾ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਇਸ ਅਧੀਨ ਆਉਂਦੀਆਂ ਸਾਰੀਆਂ ਅਦਾਲਤਾਂ ਵੀ ਤਿੰਨ ਦਿਨਾਂ ਲਈ ਬੰਦ ਰਹਿਣਗੀਆਂ। ਇਸ ਬਾਰੇ ਅੱਜ ਰਾਤੀਂ ਐਲਾਨ ਕੀਤਾ ਗਿਆ।

ਇਸੇ ਅਰਸੇ ਦੌਰਾਨ ਸਾਰੀਆਂ ਸਰਕਾਰੀ ਇਮਾਰਤਾਂ ਉਪਰ ਝੰਡੇ ਅੱਧੇ ਨੀਵੇਂ ਝੁੱਲਣਗੇ ਅਤੇ ਸਾਰੇ ਸਰਕਾਰੀ ਸਮਾਰੋਹ ਰੱਦ ਕਰ ਦਿੱਤੇ ਗਏ ਹਨ।

ਪੀ.ਸੀ.ਐਸ. ਜੁਡੀਸ਼ਲ ਪ੍ਰੀਖਿਆ ਮੁਲਤਵੀ

ਚੰਡੀਗੜ੍ਹ, 31 ਅਗਸਤ (ਪੀ. ਟੀ. ਆਈ.) –ਪੀ. ਸੀ. ਐਸ. ਜੁਡੀਸ਼ਲ ਦੀ ਪਹਿਲੀ ਸਤੰਬਰ ਤੋਂ ਹੋਣ ਵਾਲੀ ਪ੍ਰੀਖਿਆ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਮੌਤ ਕਾਰਨ ਰੱਦ ਕਰ ਦਿਤੀ ਗਈ ਹੈ।

ਇਹ ਪ੍ਰੀਖਿਆ ਹੁਣ ਚਾਰ ਸਤੰਬਰ ਨੂੰ ਉਸੇ ਹੀ ਥਾਂ ਅਤੇ ਉਸੇ ਹੀ ਸਮੇਂ ਹੋਵੇਗੀ।

(ਫੋਟੋ: ਪੰਜਾਬੀ ਟ੍ਰਿਬਿਊਨ)

ਪੰਜਾਬ ਦੇ ਰਾਜਪਾਲ ਲੈ. ਜਨਰਲ ਬੀ. ਕੇ. ਐਨ. ਛਿੱਬਰ ਵੀਰਵਾਰ ਨੂੰ ਰਾਜ ਭਵਨ ਵਿਖੇ ਸ੍ਰੀ ਹਰਚਰਨ ਸਿੰਘ ਬਰਾੜ ਨੂੰ ਅੰਤ੍ਰਿਮ ਮੁੱਖ ਮੰਤਰੀ ਵਜੋਂ ਸਹੁੰ ਚੁਕਾਉਂਦੇ ਹੋਏ।

ਬਰਾੜ ਨੇ ਐਕਟਿੰਗ ਮੁੱਖ ਮੰਤਰੀ ਵਜੋਂ ਹਲਫ ਲਿਆ

ਚੰਡੀਗੜ੍ਹ, 31 ਅਗਸਤ (ਟ੍ਰਿਬਿਊਨ ਨਿਊਜ਼ ਸਰਵਿਸ) –ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਹਰਚਰਨ ਸਿੰਘ ਬਰਾੜ ਨੂੰ ਅੱਜ ਰਾਤ ਰਾਜ ਦੇ ਐਕਟਿੰਗ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਗਈ।

ਰਾਜ ਭਵਨ ਵਿਚ ਕਾਹਲੀ ਵਿਚ ਕੀਤੇ ਗਏ ਇਕ ਹਲਫ ਦਿਵਾਊ ਸਮਾਗਮ ਵਿਚ ਰਾਜਪਾਲ ਲੈਫਟੀਨੈਂਟ ਜਨਰਲ ਬਖਸ਼ੀ ਕ੍ਰਿਸ਼ਨ ਨਾਥ ਛਿੱਬਰ ਨੇ ਉਨ੍ਹਾਂ ਨੂੰ ਅਹੁਦੇ ਅਤੇ ਸਰਕਾਰੀ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਰਾਜ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਅੱਜ ਸ਼ਾਮ ਸਿਵਲ ਸਕੱਤਰੇਤ ਦੇ ਬਾਹਰ ਹੋਏ ਇਕ ਭਿਆਨਕ ਬੰਬ ਧਮਾਕੇ ਵਿਚ ਮਾਰੇ ਗਏ ਸਨ। ਸ੍ਰੀ ਬਰਾੜ ਨੂੰ ਉਨ੍ਹਾਂ ਦੀ ਥਾਂ ਅੱਜ ਕਾਇਮ ਮੁਕਾਮ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਗਈ।

ਅੱਜ ਰਾਤੀਂ ਜਦੋਂ ਸ੍ਰੀ ਬਰਾੜ ਨੂੰ ਸਹੁੰ ਚੁਕਾਈ ਗਈ ਤਾਂ ਉਸ ਮੌਕੇ ਕੇਵਲ ਮੰਤਰੀ ਸ੍ਰੀ ਕਰਮ ਸਿੰਘ ਗਿੱਲ ਅਤੇ ਵਿਧਾਇਕ ਮਹਿੰਦਰ ਸਿੰਘ ਗਿੱਲ ਹੀ ਹਾਜ਼ਰ ਸਨ। ਬਾਕੀ ਮੰਤਰੀ ਜਾਂ ਵਿਧਾਇਕ ਇਸ ਮੌਕੇ ਉਤੇ ਨਹੀਂ ਪੁੱਜ ਸਕੇ।

ਸ੍ਰੀ ਬਰਾੜ ਨੇ ਸਹੁੰ ਚੁੱਕਣ ਤੋਂ ਬਾਅਦ ਕਿਹਾ ਕਿ ਸ੍ਰੀ ਬੇਅੰਤ ਸਿੰਘ ਦੀ ਵਜ਼ਾਰਤ ਦੇ ਸਾਰੇ ਮੰਤਰੀ ਉਨ੍ਹਾਂ ਦੇ ਮੰਤਰੀ ਮੰਡਲ ਵਿਚ ਸ਼ਾਮਲ ਹੋਣਗੇ।

ਪੰਜਾਬ ਦੇ ਇਤਿਹਾਸ ਦਾ ਸਭ ਤੋਂ ਕਾਲਾ ਦਿਨ: ਛਿੱਬਰ

ਚੰਡੀਗੜ੍ਹ, 31 ਅਗਸਤ (ਟ੍ਰਿਬਿਊਨ ਨਿਊਜ਼ ਸਰਵਿਸ) –ਪੰਜਾਬ ਤੇ ਹਰਿਆਣਾ ਦੇ ਰਾਜਪਾਲਾਂ ਅਤੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਇਕ ਕਾਰ ਬੰਬ ਧਮਾਕੇ ਵਿਚ ਹੱਤਿਆ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਪੰਜਾਬ ਦੇ ਰਾਜਪਾਲ ਲੈਫਟੀਨੈਂਟ ਜਨਰਲ (ਰਿਟਾਇਰਡ) ਬਖਸ਼ੀ ਕ੍ਰਿਸ਼ਨ ਨਾਥ ਛਿੱਬਰ ਨੇ ਇਸ ਦੁਖਦਾਈ ਹੱਤਿਆ 'ਤੇ ਗਹਿਰਾ ਦੁਖ ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਅੱਜ ਦਾ ਦਿਨ ਸਭ ਤੋਂ ਕਾਲਾ ਦਿਨ ਗਿਣਿਆ ਜਾਵੇਗਾ। ਦਹਿਸ਼ਤਵਾਦ ਦੀ ਹਨੇਰੀ ਸੁਰੰਗ ਵਿਚੋਂ ਨਿਕਲੇ ਇਕ ਨਵੇਂ ਪੰਜਾਬ ਦੀ ਨੀਂਹ ਸਰਦਾਰ ਬੇਅੰਤ ਸਿੰਘ ਨੇ ਰੱਖੀ ਸੀ ਤੇ ਉਹ ਇਸ ਦੇ ਨਿਰਮਾਤਾ ਸਨ। ਉਨ੍ਹਾਂ ਕਿਹਾ ਕਿ ਪੰਜਾਬ ਤੇ ਸਮੁੱਚੇ ਪੰਜਾਬੀ ਅਮਨ ਦੇ ਇਸ ਮਸੀਹਾ ਨੂੰ ਸਦਾ ਲਈ ਯਾਦ ਰੱਖਣਗੇ ਜਿਸ ਨੇ ਰਾਜ ਨੂੰ ਅਮਨ ਤੇ ਵਿਕਾਸ ਦਾ ਦੌਰ ਦਿਤਾ।

ਹਰਿਆਣਾ ਦੇ ਰਾਜਪਾਲ ਸ੍ਰੀ ਮਹਾਬੀਰ ਪ੍ਰਸਾਦ ਅਤੇ ਮੁੱਖ ਮੰਤਰੀ ਸ੍ਰੀ ਭਜਨ ਲਾਲ ਨੇ ਸ੍ਰੀ ਬੇਅੰਤ ਸਿੰਘ ਦੀ ਹੱਤਿਆ ਉਤੇ ਡੂੰਘਾ ਅਫਸੋਸ ਪ੍ਰਗਟਾਇਆ ਹੈ। ਇਥੇ ਜਾਰੀ ਇਕ ਬਿਆਨ ਵਿਚ ਰਾਜਪਾਲ ਨੇ ਸ੍ਰੀ ਬੇਅੰਤ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦਿਆਂ ਕਿਹਾ ਕਿ ਉਹ ਇਕ ਸਿਆਣੇ ਸਿਆਸਤਦਾਨ, ਲੋਕਪ੍ਰਿਆ ਨੇਤਾ ਅਤੇ ਮਾਨਵਤਾ ਦੇ ਪੁਜਾਰੀ ਸਨ।

ਸ੍ਰੀ ਭਜਨ ਲਾਲ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਇਹ ਇਕ ਵਿਅਕਤੀ ਦੀ ਹੱਤਿਆ ਨਹੀਂ ਸਗੋਂ ਧਰਮ-ਨਿਰਪੇਖਤਾ ਅਤੇ ਸਹਿਨਸ਼ੀਲਤਾ ਦੀ ਹੱਤਿਆ ਹੈ। ਪੰਜਾਬ ਵਿਚ ਅਮਨ ਕਾਇਮ ਕਰਨ ਵਿਚ ਉਨ੍ਹਾਂ ਦੇ ਰੋਲ ਨੂੰ ਦੇਸ਼ ਹਮੇਸ਼ਾ ਯਾਦ ਰੱਖੇਗਾ।

ਅਫਸੋਸ ਦਾ ਪ੍ਰਗਟਾਵਾ : ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਚੌਧਰੀ ਗੁਰਮੇਲ ਸਿੰਘ ਨੇ ਕਿਹਾ ਹੈ ਕਿ ਇਹ ਵੱਖਵਾਦੀ ਤਾਕਤਾਂ ਦਾ ਕਾਰਾ ਹੈ ਜਿਹੜੀਆਂ ਕਿ ਦੇਸ਼ ਨੂੰ ਅਸਥਿਰ ਕਰਨਾ ਚਾਹੁੰਦੀਆਂ ਹਨ।

ਵਿਧਾਨ ਸਭਾ ਦੇ ਸਪੀਕਰ ਸ੍ਰੀ ਹਰਨਾਮ ਦਾਸ ਜੌਹਰ ਨੇ ਵੀ ਘਟਨਾ ਦੀ ਨਿਖੇਧੀ ਕਰਦੇ ਹੋਏ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਚੰਡੀਗੜ੍ਹ ਗੋਲਫ ਕਲੱਬ ਅਤੇ ਚੰਡੀਗੜ੍ਹ ਪ੍ਰੈਸ ਕਲੱਬ ਕੱਲ੍ਹ ਨੂੰ ਸ੍ਰੀ ਬੇਅੰਤ ਸਿੰਘ ਦੇ ਸਤਿਕਾਰ ਵਿਚ ਬੰਦ ਰਹਿਣਗੇ।

ਲੁਧਿਆਣਾ (ਟ. ਨ. ਸ.) : ਸ੍ਰੀ ਬੇਅੰਤ ਸਿੰਘ ਦੀ ਬੰਬ ਧਮਾਕੇ ਰਾਹੀਂ ਹੱਤਿਆ ਨੇ ਇਸ ਸ਼ਹਿਰ ਦੇ ਲੋਕਾਂ ਵਿਚ ਸ਼ੋਕ ਦੀ ਲਹਿਰ ਦੌੜਾ ਦਿਤੀ ਹੈ।

ਦੂਰਦਰਸ਼ਨ ਵਲੋਂ ਸ੍ਰੀ ਬੇਅੰਤ ਸਿੰਘ ਦੀ ਮੌਤ ਦੀ ਖਬਰ ਦੀ ਪੁਸ਼ਟੀ ਹੁੰਦਿਆ ਹੀ ਸਾਰੇ ਵਪਾਰਕ ਕੇਂਦਰ ਇਕ ਦਮ ਬੰਦ ਹੋ ਗਏ। ਪੰਜਾਬ ਦੀ ਇਸ ਸਨਅਤੀ ਰਾਜਧਾਨੀ ਵਿਚ ਇਸ ਖਬਰ ਨੇ ਸ਼ੋਕ ਦੀ ਲਹਿਰ ਦੌੜਾ ਦਿਤੀ ਹੈ। ਅਜੇ ਇਕ ਹਫਤਾ ਪਹਿਲਾ ਹੀ ਜਦੋਂ ਸ੍ਰੀ ਬੇਅੰਤ ਸਿੰਘ ਇਥੇ ਆਏ ਸਨ ਤਾਂ ਜੀ. ਟੀ. ਰੋਡ ਉਤੇ ਉਨ੍ਹਾਂ ਦੇ ਕਾਫਲੇ ਤੋਂ ਕੁਝ ਹੀ ਗਜ਼ ਦੂਰ ਬੰਬ ਫਟਿਆ ਸੀ।

ਅੰਮ੍ਰਿਤਸਰ (ਟ. ਨ. ਸ.) : ਪੰਜਾਬ ਵਿਧਾਨ ਸਭਾ ਵਿਚ ਸੀ. ਪੀ. ਆਈ. ਗਰੁਪ ਦੀ ਆਗੂ ਸ੍ਰੀਮਤੀ ਵਿਮਲਾ ਡਾਂਗ ਨੇ ਮੁੱਖ ਮੰਤਰੀ ਦੀ ਹੱਤਿਆ ਨੂੰ ਬੇਹੱਦ ਅਫਸੋਸਨਾਕ ਕਰਾਰ ਦਿੰਦਿਆਂ ਆਖਿਆ ਹੈ ਕਿ ਉਹ ਦਹਿਸ਼ਤਵਾਦ ਵਿਰੁਧ ਮਹਾਨ ਜੰਗਜੂ ਸਨ। ਸ੍ਰੀਮਤੀ ਵਿਮਲਾ ਡਾਂਗ ਅੱਜ ਸਵੇਰੇ ਹੀ ਮੁੱਖ ਮੰਤਰੀ ਨੂੰ ਚੰਡੀਗੜ੍ਹ ਮਿਲੇ ਸਨ। ਸੀ. ਪੀ. ਆਈ. ਆਗੂ ਸ੍ਰੀ ਸਤਪਾਲ ਡਾਂਗ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟਾਏ ਹਨ।

ਡਿਪਟੀ ਕਮਿਸ਼ਨਰ ਸ੍ਰੀ ਕੇ. ਬੀ. ਐਸ. ਸਿੱਧੂ ਦੀ ਪ੍ਰਧਾਨਗੀ ਹੇਠ ਹੋਈ ਇਕ ਸ਼ੋਕ ਮੀਟਿੰਗ ਵਿਚ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਚੀਫ ਖਾਲਸਾ ਦੀਵਾਨ ਅਤੇ ਪੰਜਾਬ ਜਨਤਾ ਮੋਰਚਾ ਦੇ ਪ੍ਰਧਾਨ ਕਿਰਪਾਲ ਸਿੰਘ ਨੇ ਅਫਸੋਸ ਪ੍ਰਗਟਾਉਂਦਿਆਂ ਕਿਹਾ ਕਿ ਸਿਧਾਂਤ ਦੀ ਲੜਾਈ ਸਿਧਾਂਤ ਨਾਲ ਲੜੀ ਜਾਣੀ ਚਾਹੀਦੀ ਹੈ, ਹਿੰਸਾ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਜਿਹੜੇ ਹੋਰ ਆਗੂਆਂ ਨੇ ਸ੍ਰੀ ਬੇਅੰਤ ਸਿੰਘ ਦੀ ਹੱਤਿਆ ਉਤੇ ਸ਼ੋਕ ਪ੍ਰਗਟਾਇਆ ਹੈ ਉਨ੍ਹਾਂ ਵਿਚ ਭਾਜਪਾ ਵਿਧਾਇਕ ਫਕੀਰ ਚੰਦ ਤੇ ਲਕਸ਼ਮੀ ਕਾਂਤਾ ਚਾਵਲਾ, ਜ਼ਿਲਾ ਕਾਂਗਰਸ ਪ੍ਰਧਾਨ ਦਰਬਾਰੀ ਲਾਲ ਗੁਪਤਾ, ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਸ੍ਰੀ ਮਨਿੰਦਰ ਸਿੰਘ ਅਤੇ ਨਗਰਨਿਗਮ ਦੇ ਮੇਅਰ ਸ੍ਰੀ ਓ. ਪੀ. ਸੋਨੀ ਸ਼ਾਮਲ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ ਜੀ. ਐਸ. ਰੰਧਾਵਾ ਅਤੇ ਸਟਾਫ ਨੇ ਵੀ ਇਸ ਘਟਨਾ 'ਤੇ ਸੋ ਪ੍ਰਗਟਾਇਆ ਹੈ।

ਜਲੰਧਰ (ਪੀ. ਟੀ. ਆਈ.) –ਜਲੰਧਰ ਨਗ ਨਿਗਮ ਦੇ ਮੇਅਰ ਸ੍ਰੀ ਜੈ ਕਿਸ਼ਨ ਸੈਣੀ, ਕੌਂਸਲ ਗੁਲਜ਼ਾਰੀ ਲਾਲ ਤੇ ਸਰਵਣ ਗਰੇਵਰ, ਪੰਜਾਬ ਪ੍ਰਦੇ ਕਾਂਗਰਸ ਦੇ ਜਾਇੰਟ ਸੈਕਟਰੀ ਸ੍ਰੀ ਗੁਲਜ਼ਾਰੀ ਲਾ ਸੀ. ਪੀ. ਆਈ. (ਐਮ) ਦੇ ਸਕੱਤਰ ਸ੍ਰੀ ਮੰਗ ਰਾਮ ਪਾਸਲਾ, ਪੰਜਾਬ ਜਨਤਾ ਦਲ (ਬੋਮਈ) ਸਕੱਤਰ ਸ੍ਰੀ ਓਮ ਪ੍ਰਕਾਸ਼ ਖੇਮਕਰਨ ਨੇ ਸ੍ਰੀ ਬੇਅੰ ਸਿੰਘ ਦੀ ਹੱਤਿਆ ਨੂੰ ਬੇਹੱਦ ਦੁਰਭਾਗਪੂਰਣ ਕਰਾ ਦਿੱਤਾ ਹੈ।

ਮਾਰਕਸੀ ਕਮਿਊਨਿਸਟ ਪਾਰਟੀ ਦੇ ਸੀਨੀਅ ਆਗੂ ਪ੍ਰੋ. ਬਲਵੰਤ ਸਿੰਘ ਨੇ ਸ੍ਰੀ ਬੇਅੰਤ ਸਿੰਘ ਦ ਹੱਤਿਆ ਦੀ ਨਿੰਦਾ ਕੀਤੀ ਹੈ ਅਤੇ ਨਾਲ ਹੀ ਉਨ੍ਹਾਂ ਸਕੇ ਸੰਬੰਧੀਆਂ ਨਾਲ ਗਹਿਰੀ ਸਹਾਨੁਭੂਤੀ ਪ੍ਰਗਟਾ ਹੈ।

ਬੱਬਰ ਖਾਲਸਾ ਨੇ ਜ਼ਿੰਮੇਵਾਰੀ ਲਈ

ਨਵੀਂ ਦਿੱਲੀ, 31 ਅਗਸਤ (ਯੂ. ਐਨ. ਆਈ.) – ਖਾੜਕੂ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਬੰਬ ਧਮਾਕੇ ਨਾਲ ਹੱਤਿਆ ਕਰਨ ਦੀ ਜ਼ਿੰਮੇਵਾਰੀ ਲਈ ਹੈ। ਦੇਰ ਰਾਤੀਂ ਇਸ ਸਮਾਚਾਰ ਏਜੰਸੀ ਨੂੰ ਪ੍ਰਾਪਤ ਹੋਏ ਫੈਕਸ ਸੁਨੇਹੇ ਵਿਚ ਬੱਬਰ ਖਾਲਸਾ ਨੇ ਕਿਹਾ, ''ਸਿੱਖ ਭਾਈਚਾਰੇ ਨਾਲ ਗਦਾਰੀ ਕਰਨ ਤੋਂ ਬਾਅਦ ਬੇਅੰਤ ਸਿੰਘ ਸਾਡੀ ਹਿੱਟ ਲਿਸਟ 'ਤੇ ਸਭ ਤੋਂ ਉਪਰ ਆ ਗਏ ਸਨ। ਇਸ ਕਾਰਨ ਅਸੀਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਹੈ।''

ਹੱਥ ਦੇ ਲਿਖੇ ਹੋਏ ਸੰਖੇਪ ਜਿਹੇ ਸੁਨੇਹੇ 'ਤੇ ਵਧਾਵਾ ਸਿੰਘ ਅਤੇ ਮਹਿਲ ਸਿੰਘ ਦੇ ਦਸਤਖਤ ਸਨ। ਇਹ ਦੋਵੇਂ ਖਾੜਕੂ ਪੰਜਾਬ ਪੁਲੀਸ ਨੂੰ ਲੋੜੀਂਦੇ ਹਨ ਅਤੇ ਉਨ੍ਹਾਂ ਨੂੰ ਪਾਕਿਸਤਾਨ ਦੀ ਹਮਾਇਤ ਪ੍ਰਾਪਤ ਹੈ।

ਪਾਇਲਟ ਚੰਡੀਗੜ੍ਹ ਰਵਾਨਾ

ਸੂਰਤ, 31 ਅਗਸਤ (ਪੀ. ਟੀ. ਆਈ.) – ਕੇਂਦਰੀ ਅੰਦਰੂਨੀ ਸੁਰੱਖਿਆ ਬਾਰੇ ਮੰਤਰੀ ਸ੍ਰੀ ਰਾਜੇਸ਼ ਪਾਇਲਟ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਬੰਬ ਧਮਾਕੇ 'ਚ ਹੱਤਿਆ ਦੀ ਖਬਰ ਸੁਣਦਿਆ ਹੀ ਚੰਡੀਗੜ੍ਹ ਲਈ ਰਵਾਨਾ ਹੋ ਗਏ।

ਸ੍ਰੀ ਪਾਇਲਟ ਇਥੇ ਗੁਜਰਾਤ ਚੈਂਬਰ ਆਫ ਕਾਮਰਸ ਵਲੋਂ ਕਰਵਾਏ ਗਏ ਇਕ ਸੈਮੀਨਾਰ ਵਿਚ ਹਿੱਸਾ ਲੈਣ ਲਈ ਆਏ ਹੋਏ ਸਨ।

ਪੰਜਾਬ ਦੇ ਅੰਤ੍ਰਿਮ ਮੁੱਖ ਮੰਤਰੀ ਸ੍ਰੀ ਹਰਚਰਨ ਸਿੰਘ ਬਰਾੜ ਅਤੇ ਉਨ੍ਹਾਂ ਦੇ ਵਜ਼ਾਰਤੀ ਸਾਥੀ ਵੀਰਵਾਰ ਨੂੰ ਚੰ [illegible] ਮੰਤਰੀ ਬੇਅੰਤ ਸਿੰਘ ਦੇ ਘਰ ਸੋਗ ਮਨਾਉਂਦੇ ਹੋਏ। (ਫੋ

*ਅਫ਼ੀਮ, *ਤਾਕਤ *ਬਵਾਸੀਰ, *ਮੋਟਾਪਾ *ਸ਼ਰਾਬ *ਚਮੜੀ ਰੋਗ ਦਾ ਪੱਕਾ ਇਲਾਜ।
ਡਾ: ਬਲਵਿੰਦਰ ਸਿੰਘ ਵਾਲੀਆ (ਪੱਟੀ ਵਾਲੇ)
ਸਾਹਮਣੇ ਬੱਸ ਅੱਡਾ (ਡਾਇਮੰਡ ਹੋਟਲ), ਲੁਧਿਆਣਾ-2.

(P) N56
N5.9
(P) 079545
AJ-N5.9

ਪੰਜਾਬ ਦੀ ਆਵਾਜ਼

ਅਜੀਤ

ਬਾਨੀ ਸੰਪਾਦਕ (ਸਵ.) ਡਾ: ਸਾਧੂ ਸਿੰਘ ਹਮਦਰਦ
Daily Ajit, Jalandhar
ਮੁੱਖ ਸੰਪਾਦਕ : ਬਰਜਿੰਦਰ ਸਿੰਘ ਹਮਦਰਦ

ਮਰਦਾਨਾ ਤਾਕਤ ਹਾਸਲ ਕਰੋ
ਮੋਟੇ ਹੋਣ ਲਈ ਮਿਲੋ
ਕੇ.ਡੀ. ਹਸਪਤਾਲ (ਰਜਿ:) ਡਾ: ਗੋਬਿੰਦਗੜ੍ਹ ਵਾਲੇ)

ਰਜਿ: ਨੰ: Pb/JL-29 ਜਿਲਦ 40, ਅੰਕ 243
ਜਲੰਧਰ : ਸ਼ੁੱਕਰਵਾਰ : 16 ਭਾਦਰੋਂ ਸੰਮਤ 2052 : 1 ਸਤੰਬਰ, 1995 : ਮੁੱਲ 2 ਰੁਪਏ
ਫੋਨ : 55961,55962,55963,220450 ਫੈਕਸ : 55960, 220593

ਮੁੱਖ ਮੰਤਰੀ ਬੇਅੰਤ ਸਿੰਘ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ ਹਲਾਕ-12 ਹੋਰ ਮਰੇ

ਦਰਜਨਾਂ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਧਮਾਕੇ ਨਾਲ ਸਾਰਾ ਸਕੱਤਰੇਤ ਹਿਲ ਗਿਆ



4028.5
3-12-97

ਸਕੱਤਰੇਤ ਦੇ ਬਾਹਰ ਬੰਬ ਧਮਾਕੇ ਤੋਂ ਪਿੱਛੋਂ ਸੁਰੱਖਿਆ ਅਧਿਕਾਰੀ ਮੌਕੇ ਦਾ ਜਾਇਜ਼ਾ ਲੈਂਦੇ ਹੋਏ, ਜਦੋਂ ਕਿ ਮੌਕੇ 'ਤੇ ਖ਼ੂਨ ਅਤੇ ਖਿਲਰੀਆਂ ਲਾਸ਼ਾਂ ਨਜ਼ਰ ਆ ਰਹੀਆਂ ਹਨ। ਅਜੀਤ ਫੋਟੋਜ਼

ਸਟਾਫ ਰਿਪੋਰਟਰ, ਏਜੰਸੀਆਂ

ਚੰਡੀਗੜ੍ਹ, 31 ਅਗਸਤ-ਜਾਬ ਦੇ ਮੁੱਖ ਮੰਤਰੀ ਸ: ਬੇਅੰਤ ਘ ਅੱਜ ਸ਼ਾਮ ਸਿਵਲ ਸਕੱਤਰੇਤ ਦੇ ਬਾਹਰ ਹੋਏ ਇਕ ਜ਼ਬਰਦਸਤ ਬੰਬ ਧਮਾਕੇ ਵਿਚ ਹਲਾਕ ਹੋ ਗਏ। ਇਸ ਧਮਾਕੇ 'ਚ 9 ਕਮਾਂਡੋਆਂ ਸਣੇ ਹੋਰ 12 ਲੋਕ ਮਾਰੇ ਗਏ ਜਦਕਿ 23 ਲੋਕ ਜ਼ਖ਼ਮੀ ਹੋਏ। ਇਹ ਧਮਾਕਾ ਉਸ ਸਮੇਂ ਹੋਇਆ ਜਦੋਂ ਮੁੱਖ ਮੰਤਰੀ ਵੀ.ਆਈ.ਪੀ. ਗੇਟ ਦੇ ਸਾਹਮਣੇ ਯੂ.ਟੀ. ਗੈਸਟ ਹਾਊਸ 'ਚ ਜਾਣ ਲਈ ਕਾਰ 'ਚ ਬੈਠ ਰਹੇ ਸਨ। ਇਸ ਦੌਰਾਨ ਪੰਜਾਬ ਦੇ ਸਿਹਤ ਮੰਤਰੀ ਸ: ਹਰਚਰਨ ਸਿੰਘ ਬਰਾੜ ਨੇ ਅੱਜ ਸ਼ਾਮ ਪੰਜਾਬ ਦੇ ਕਾਰਜਕਾਰੀ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਉੱਤਰੀ ਸੈਕਟਰ 'ਚ ਫੌਜ ਨੂੰ ਵੀ ਚੌਕਸ ਕਰ ਦਿੱਤਾ ਗਿਆ ਹੈ।

ਬੰਬ ਧਮਾਕਾ ਮੁੱਖ ਮੰਤਰੀ ਦੀ ਸਰਕਾਰੀ ਕਾਰ ਵਿਚ ਕੋਈ 5 ਵਜੇ ਦੇ ਕਰੀਬ ਹੋਇਆ। ਸਮਝਿਆ ਜਾਂਦਾ ਹੈ ਕਿ ਬੰਬ ਮੁੱਖ ਮੰਤਰੀ ਦੀ ਕਾਰ ਵਿਚ ਫਿੱਟ ਕੀਤਾ ਗਿਆ ਸੀ। ਮੁੱਖ ਮੰਤਰੀ ਦੀ ਲਾਸ਼ ਬੁਰੀ ਤਰ੍ਹਾਂ ਤਬਾਹ ਹੋ ਗਈ ਤੇ ਇਸ ਦੀ ਪਹਿਚਾਣ ਕਰਨੀ ਮੁਸ਼ਕਲ ਸੀ।

ਧਮਾਕੇ ਨਾਲ 10 ਮੰਜ਼ਿਲੇ ਸਕੱਤਰੇਤ ਦੀਆਂ 8 ਮੰਜ਼ਿਲਾਂ ਨੂੰ ਨੁਕਸਾਨ ਪੁੱਜਾ ਅਤੇ ਸਕੱਤਰੇਤ ਵਿਚ ਲੱਗੀਆਂ ਕੁਝ ਘੜੀਆਂ ਦੀਆਂ ਸੂਈਆਂ ਖੜ੍ਹੀਆਂ ਹੋ ਗਈਆਂ। ਇਹ ਸੂਈਆਂ 5 ਵੱਜ ਕੇ 13 ਮਿੰਟ 'ਤੇ ਖੜੋਈਆਂ ਹੋਈਆਂ ਜਿਸ ਤੋਂ ਧਮਾਕੇ ਦਾ [illegible]ਤਾ ਲੱਗਦਾ [illegible]

[illegible] ਪੁਲਿਸ ਮੁਖੀ ਸ੍ਰੀ ਕੇ.ਪੀ. [illegible] ਖੁਦ ਧਮਾਕੇ ਵਾਲੀ ਜਗ੍ਹਾ ਦੀ ਨਿਗਰਾ[illegible] ਰਹੇ ਹਨ.

ਜਿਥੇ ਮ੍ਰਿਤਕਾਂ ਦੇ ਸਰੀਰ ਦੇ ਟੁਕੜੇ ਖਿਲਰੇ ਪਏ ਹਨ। ਇਸ ਘਟਨਾ 'ਚ 2 ਐਂਬੈਸਡਰ ਕਾਰਾਂ ਬਿਲਕੁਲ ਤਬਾਹ ਹੋ ਗਈਆਂ।

ਮੌਕੇ ਦੇ ਗਵਾਹਾਂ ਅਨੁਸਾਰ ਇਸ ਧਮਾਕੇ ਨਾਲ ਬਹੁਤ ਸਾਰੀਆਂ ਕਾਰਾਂ ਨੂੰ ਅੱਗ ਲੱਗ ਗਈ, ਇਨ੍ਹਾਂ ਵਿਚੋਂ ਬਹੁਤ ਸਾਰੇ ਜ਼ਖ਼ਮੀ ਕਮਾਂਡੋਆਂ ਨੂੰ ਕੱਢ ਕੇ ਹਸਪਤਾਲ ਪੁਚਾਇਆ ਗਿਆ। ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਮੌਕੇ 'ਤੇ ਪੁਜ ਗਈ ਹੈ। ਧਮਾਕੇ ਨਾਲ ਇਸ 11 ਮੰਜ਼ਲੀ ਇਮਾਰਤ ਦੀਆਂ ਖਿੜਕੀਆਂ ਦੇ ਟੁੱਟੇ ਸ਼ੀਸ਼ੇ ਥਾਂ-ਥਾਂ ਖਿਲਰੇ ਨਜ਼ਰ ਆ ਰਹੇ ਸਨ।

ਮੌਕੇ 'ਤੇ ਮੌਜੂਦ ਲੋਕਾਂ ਅਨੁਸਾਰ 2 ਕਮਾਂਡੋਆਂ ਦੀਆਂ ਲਾਸ਼ਾਂ ਤੇ ਇਕ ਸੜ ਰਹੀ ਕਾਰ ਸਕੱਤਰੇਤ ਦੀ ਉਪਰਲੀ ਮੰਜ਼ਲ ਤੋਂ ਸੜਦੀਆਂ ਵੇਖੀਆਂ ਗਈਆਂ।

ਪ੍ਰਾਪਤ ਵੇਰਵੇ ਅਨੁਸਾਰ ਘਟਨਾ ਸਥਲ 'ਤੇ ਦ੍ਰਿਸ਼ ਬਹੁਤ ਦਰਦਨਾਕ ਸੀ। ਜਗ੍ਹਾ-ਜਗ੍ਹਾ 'ਤੇ ਮਨੁੱਖੀ ਮਾਸ ਦੇ ਲੋਥੜੇ ਖਿੱਲਰੇ ਪਏ ਸਨ। ਧਮਾਕਾ ਏਨਾ ਜ਼ਬਰਦਸਤ ਸੀ ਕਿ ਦੂਰ-ਦੂਰ ਤੱਕ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ।

ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉੱਚ ਤਾਕਤੀ ਧਮਾਕਾਖੇਜ਼ ਸਮੱਗਰੀ ਆਰ.ਡੀ.ਐਕਸ. ਉਨ੍ਹਾਂ ਤਿੰਨ ਕਾਰਾਂ 'ਚੋਂ ਇਕ ਕਾਰ 'ਚ ਰੱਖਿਆ ਗਿਆ ਸੀ ਜੋ ਕਿ ਮੁੱਖ ਮੰਤਰੀ ਲਈ ਖੜ੍ਹੀਆਂ ਸਨ। ਧਮਾਕਾ ਏਨਾ ਜ਼ਬਰਦਸਤ ਸੀ ਕਿ ਬੁਲਟ ਪਰੂਫ ਕਾਰ ਦੀ ਛੱਤ ਹੀ ਉੱਡ ਗਈ। ਸ਼ਾਮ 5 ਵੱਜ ਕੇ 13 ਮਿੰਟ 'ਤੇ ਹੋਏ ਇਸ ਧਮਾਕੇ 'ਚ ਦੋ ਹੋਰ ਕਾਰਾਂ ਵੀ ਤਬਾਹ ਹੋ ਗਈਆਂ।

ਤਿੰਨ ਕਮਾਂਡੋ ਜਿਨ੍ਹਾਂ ਨੇ ਮੁੱਖ ਮੰਤਰੀ ਦੀ ਕਾਰ ਦੁਆਲੇ ਪੁਜੀਸ਼ਨਾਂ ਲਈਆਂ ਸਨ, ਇਸ ਧਮਾਕੇ 'ਚ ਮਾਰੇ ਗਏ। ਪੰਜ ਹੋਰ ਸੁਰੱਖਿਆ ਅਧਿਕਾਰੀ ਜੋ ਡਿਊਟੀ 'ਤੇ ਸਨ ਤੇ ਇਕ ਹੋਰ ਸ਼ਹਿਰੀ ਮੌਕੇ 'ਤੇ ਹੀ ਮਾਰੇ ਗਏ।

ਧਮਾਕੇ ਨਾਲ ਇਕ ਕਾਲੇ ਧੂੰਏਂ ਦਾ ਗੋਲਾ ਬਣਿਆ ਤੇ ਇਮਾਰਤ ਦੇ ਉੱਪਰੋਂ ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ। ਬਾਅਦ 'ਚ ਇਹ ਧੂੰਆਂ ਸਾਰੇ ਸਕੱਤਰੇਤ 'ਚ ਫੈਲ ਗਿਆ ਤੇ ਮੁਲਾਜ਼ਮ ਇਧਰ-ਉਧਰ ਦੌੜਦੇ ਵੇਖੇ ਗਏ।

ਸਿਵਲ ਸਕੱਤਰੇਤ ਵਿਖੇ ਹੋਣ ਵਾਲਾ ਇਹ ਦੂਜਾ ਬੰਬ ਧਮਾਕਾ ਸੀ। ਪਿਛਲੇ ਸਾਲ ਪੰਜਾਬ ਦੇ ਮੁੱਖ ਮੰਤਰੀ ਦੇ ਦਫ਼ਤਰ ਨਾਲ ਲਗਦੇ ਇਕ ਸਾਈਕਲ ਸਟੈਂਡ 'ਤੇ ਬੰਬ ਧਮਾਕਾ ਹੋਇਆ ਸੀ।

ਘਟਨਾ ਸਥਲ 'ਤੇ ਦ੍ਰਿਸ਼ ਬਹੁਤ ਦਰਦਨਾਕ ਸੀ। 100 ਫੁੱਟ ਦੇ ਘੇਰੇ ਵਿਚ ਮਨੁੱਖੀ ਮਾਸ ਦੇ ਲੋਥੜੇ ਜਗ੍ਹਾ-ਜਗ੍ਹਾ ਖਿਲਰੇ ਪਏ ਸਨ। 9 ਕਮਾਂਡੋਆਂ ਦੀਆਂ ਲਾਸ਼ਾਂ ਪਾਰਕਿੰਗ ਦੇ ਨੇੜੇ ਖਿਲਰੀਆਂ ਪਈਆਂ ਸਨ ਤੇ ਅੱਗ ਲੱਗਣ ਨਾਲ ਮਾਸ ਸੜ ਰਿਹਾ ਸੀ। ਪ੍ਰਾਪਤ ਵੇਰਵੇ ਅਨੁਸਾਰ ਕੁਝ ਸਮੇਂ ਵਾਸਤੇ ਪੁਲਿਸ ਵੱਲੋਂ ਖੇਤਰ ਦੀ ਘੇਰਾਬੰਦੀ ਨਹੀਂ ਸੀ ਕੀਤੀ ਗਈ ਇਸ ਲਈ ਬੰਬ ਧਮਾਕੇ ਦੇ ਤੁਰੰਤ ਬਾਅਦ ਲੋਕਾਂ ਵਿਚ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਦਾ ਜ਼ੋਰ ਰਿਹਾ ਤੇ ਬੇਯਕੀਨੀ ਵਾਲਾ ਮਾਹੌਲ ਬਣਿਆ ਰਿਹਾ।

ਇਕ ਰਿਪੋਰਟ ਅਨੁਸਾਰ ਬੰਬ ਪੰਜਾਬ ਸਰਕਾਰ ਦੀ ਇਕ ਕਾਰ ਵਿਚ ਫਿੱਟ ਕੀਤਾ ਗਿਆ ਸੀ ਜੋ ਕਿ ਤਿੰਨ ਵੀ. ਆਈ. ਪੀਜ਼. ਦੀਆਂ ਕਾਰਾਂ ਦੇ ਬਿਲਕੁਲ ਨੇੜੇ ਖੜ੍ਹੀ ਕੀਤੀ ਹੋਈ। ਇਨ੍ਹਾਂ ਕਾਰਾਂ ਦੇ ਨੇੜੇ ਕਮਾਂਡੋ ਅਤੇ ਸੁਰੱਖਿਆ ਜਵਾਨ ਤਾਇਨਾਤ ਸਨ। ਤਿੰਨ ਕਾਰਾਂ ਨੇੜੇ ਚੌਥੀ ਕਾਰ ਖੜ੍ਹੀ ਕਰਨ ਤੋਂ ਬਾਅਦ ਕਾਰ ਵਿਚਲਾ ਵਿਅਕਤੀ ਉਥੋਂ ਚਲਾ ਗਿਆ। ਬੰਬ ਧਮਾਕਾ ਉਸ ਸਮੇਂ ਹੋਇਆ ਜਦੋਂ ਮੁੱਖ ਮੰਤਰੀ ਸ: ਬੇਅੰਤ ਸਿੰਘ ਤਿੰਨ ਬੁਲਟ ਪਰੂਫ ਕਾਰਾਂ ਵਿਚੋਂ ਇਕ ਵਿਚ ਬੈਠ ਰਹੇ ਸਨ।

ਰੈਡ ਅਲਰਟ-ਸਿਵਲ ਸਕੱਤਰੇਤ ਦੇ ਬਾਹਰਵਾਰ ਹੋਏ ਬੰਬ ਧਮਾਕੇ ਤੋਂ ਬਾਅਦ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿਚ ਰੈਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਚੰਡੀਗੜ੍ਹ ਪੁਲਿਸ ਵੱਲੋਂ ਚੰਡੀਗੜ੍ਹ ਤੋਂ ਬਾਹਰ ਨੂੰ ਨਿਕਲਦੇ ਸਾਰੇ ਰਸਤਿਆਂ ਨੂੰ ਸੀਲ ਕਰ ਦਿੱਤਾ ਗਿਆ ਹੈ ਤਾਂ ਕਿ ਹਮਲਾਵਰ ਬਚ ਕੇ ਨਾ ਨਿਕਲ ਸਕਣ। ਰਾਜਧਾਨੀ ਵਿਚ ਪੂਰੀ ਤਰ੍ਹਾਂ ਨਾਕਾਬੰਦੀ ਕਰ ਦਿੱਤੀ ਗਈ ਹੈ ਅਤੇ ਵਾਹਨਾਂ ਦੀਆਂ ਤਲਾਸ਼ੀਆਂ ਲਈਆਂ ਜਾ ਰਹੀਆਂ ਹਨ। ਚੰਡੀਗੜ੍ਹ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਵਿਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਮੁੱਖ ਮੰਤਰੀ ਦੇ ਜ਼ਿਲ੍ਹੇ ਲੁਧਿਆਣਾ ਵਿਚ ਵੀ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿੱਤੇ ਗਏ ਹਨ।

ਸੂਤਰਾਂ ਅਨੁਸਾਰ ਧਮਾਕਾ ਏਨਾ ਜ਼ੋਰਦਾਰ ਸੀ ਕਿ ਵੀ.ਆਈ.ਪੀ. ਗੇਟ ਦਾ ਕੁਝ ਹਿੱਸਾ ਹੀ ਉੱਡ ਗਿਆ ਤੇ ਮੁੱਖ ਮੰਤਰੀ ਦੀ ਕਾਰ ਦਾ ਮਲਬਾ 100 ਮੀਟਰ ਦੀ ਦੂਰੀ 'ਤੇ ਜਾ ਕੇ ਡਿੱਗਿਆ।

ਪੰਜਾਬ ਪੁਲਿਸ ਦੇ ਮੁਖੀ ਸ੍ਰੀ ਕੇ.ਪੀ.ਐਸ. ਗਿੱਲ ਤੇ ਡਾਇਰੈਕਟਰ ਜਨਰਲ ਪੁਲਿਸ (ਇੰਟੈਲੀਜੈਂਸ) ਸ੍ਰੀ ਓ.ਪੀ. ਸ਼ਰਮਾ ਸਭ ਤੋਂ ਪਹਿਲਾਂ ਘਟਨਾ ਵਾਲੀ ਥਾਂ 'ਤੇ ਪੁੱਜੇ। ਧਮਾਕੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਧਮਾਕਾਖੇਜ਼ ਸਮੱਗਰੀ ਦੇ ਮਾਹਰਾਂ ਨੂੰ ਬੁਲਾਇਆ ਗਿਆ ਹੈ।

ਪੁਲਿਸ ਸੂਤਰਾਂ ਅਨੁਸਾਰ ਮੁੱਖ ਮੰਤਰੀ ਦੀ ਸੁਰੱਖਿਆ ਲਈ ਇੰਚਾਰਜ ਡੀ.ਆਈ.ਜੀ. (ਸੁਰੱਖਿਆ) ਸ੍ਰੀ ਜੇ. ਪੀ. ਵਿਰਦੀ ਦਾ ਇਕ ਮਹੀਨਾ ਪਹਿਲਾਂ ਤਬਾਦਲਾ ਕੀਤਾ ਗਿਆ ਸੀ ਤਾਂ ਕਿ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕੀਤੇ ਜਾ ਸਕਣ।

ਵੀ. ਆਈ. ਪੀ. ਦਰਵਾਜ਼ੇ 'ਤੇ ਲਗਾਈ ਗਈ ਐਕਸਰੇ ਸਕੈਨਿੰਗ ਮਸ਼ੀਨ ਤੇ ਮੈਟਲ ਡਿਟੈਕਟਰ ਇਸ ਧਮਾਕੇ 'ਚ ਬੁਰੀ ਤਰ੍ਹਾਂ ਤਬਾਹ ਹੋ ਗਏ। ਸਟੇਟ ਬੈਂਕ ਬਰਾਂਚ ਦੀ ਦੀਵਾਰ ਦੀ ਘੜੀ 5.13 ਵਜੇ 'ਤੇ ਖੜ੍ਹ ਗਈ, ਜਿਸ ਤੋਂ ਧਮਾਕੇ ਦੇ ਸਮੇਂ ਦਾ ਪਤਾ ਚਲਦਾ ਹੈ।

ਰਿਸੈਪਸ਼ਨ ਏਰੀਆ 'ਚ ਕੀਤੀ ਗਈ ਸੀਲਿੰਗ ਬੁਰੀ ਤਰ੍ਹਾਂ ਤਬਾਹ ਹੋ ਗਈ ਤੇ ਇਸ 'ਤੇ ਤਬਾਹ ਹੋਈਆਂ ਕਾਰਾਂ ਤੇ ਮ੍ਰਿਤਕਾਂ ਦੇ ਮਾਸ ਦੇ ਲੋਥੜੇ ਖਿਲਰੇ ਵਿਖਾਈ ਦੇ ਰਹੇ ਸਨ। ਮ੍ਰਿਤਕਾਂ ਦੀਆਂ ਲਾਸ਼ਾਂ ਏਨੀਆਂ ਬੁਰੀ ਤਰ੍ਹਾਂ ਖ਼ਰਾਬ ਹੋ ਗਈਆਂ ਸਨ ਕਿ ਜਿਨ੍ਹਾਂ ਦੀ ਪਛਾਣ ਕਰਨਾ ਵੀ ਮੁਸ਼ਕਿਲ ਸੀ। ਅਜੇ ਤੱਕ ਕਿਸੇ ਖਾੜਕੂ ਗਰੁੱਪ ਨੇ ਇਸ ਧਮਾਕੇ ਦੀ ਜ਼ਿੰਮੇਵਾਰੀ ਨਹੀਂ ਲਈ।

ਸੂਚਨਾ ਅਨੁਸਾਰ ਘਟਨਾ ਵਿਚ ਮੁੱਖ ਮੰਤਰੀ ਦੇ ਦੋਨੋਂ ਪੀ. ਏ. ਸ੍ਰੀ ਯਸ਼ਪਾਲ ਬਾਲੀ ਅਤੇ ਸ੍ਰੀ ਸਵਰਨ ਸਿੰਘ ਅਤੇ ਉਨ੍ਹਾਂ ਨਾਲ ਡਿਊਟੀ ਤੇ ਤਾਇਨਾਤ ਇਕ ਡਾਕਟਰ ਦੀ ਵੀ ਮੌਤ ਹੋ ਗਈ, ਜਦੋਂ ਕਿ 3 ਬਲੈਕ ਕੈਟ ਕਮਾਂਡੋਜ਼ ਵੀ ਇਸ ਘਟਨਾ ਵਿਚ ਮਾਰੇ ਗਏ। ਸੂਚਨਾ ਅਨੁਸਾਰ ਜਦੋਂ ਇਹ ਬੰਬ ਧਮਾਕਾ ਹੋਇਆ ਮੁੱਖ ਮੰਤਰੀ ਅਜੇ ਆਪਣੀ ਕਾਰ ਵਿਚ ਬੈਠੇ ਹੀ ਸਨ ਅਤੇ ਅਜੇ ਉਨ੍ਹਾਂ ਕਾਰ ਦਾ ਦਰਵਾਜ਼ਾ ਵੀ ਬੰਦ ਨਹੀਂ ਕੀਤਾ ਸੀ।

ਇਸ ਘਟਨਾ ਵਿਚ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ ਹੋਰ ਜ਼ਿਆਦਾ ਵੀ ਹੋ ਸਕਦੀ ਸੀ ਕਿਉਂਕਿ ਇਹ ਸਿਵਲ ਸਕੱਤਰੇਤ ਵਿਚ ਛੁੱਟੀ ਦਾ ਸਮਾਂ ਸੀ, ਲੇਕਿਨ ਮੁੱਖ ਮੰਤਰੀ ਦੇ ਸਕੱਤਰੇਤ ਵਿਚੋਂ ਜਾਣ ਅਤੇ ਆਉਣ ਮੌਕੇ ਕਿਉਂਕਿ ਸੁਰੱਖਿਆ ਅਮਲੇ ਵਲੋਂ ਸਕੱਤਰੇਤ ਦਾ ਮੁੱਖ ਦੁਆਰ ਖਾਲੀ ਕਰਵਾ ਲਿਆ ਜਾਂਦਾ ਸੀ ਅਤੇ ਆਮ ਲੋਕਾਂ ਨੂੰ ਕੁਝ ਦੂਰੀ 'ਤੇ ਰੋਕ ਲਿਆ ਜਾਂਦਾ ਸੀ ਇਸ ਕਾਰਨ ਧਮਾਕੇ ਵਿਚ ਕੇਵਲ ਮੁੱਖ ਦੁਆਰ 'ਤੇ ਖੜ੍ਹੇ ਸੁਰੱਖਿਆ ਅਮਲੇ ਦੇ ਜਵਾਨਾਂ ਅਤੇ ਸਕੱਤਰੇਤ ਦੇ ਸਟਾਫ ਦਾ ਮੁੱਖ ਤੌਰ 'ਤੇ ਨੁਕਸਾਨ ਹੋਇਆ। ਮੁੱਖ ਮੰਤਰੀ ਦੀ ਕਾਰ ਪੀ.ਬੀ. 27-6514 ਧਮਾਕੇ ਕਾਰਨ ਬਿਲਕੁਲ ਤਬਾਹ ਹੋ ਗਈ ਅਤੇ ਉਨ੍ਹਾਂ ਦੇ ਡਰਾਈਵਰ ਅਤੇ ਸ: ਬੇਅੰਤ ਸਿੰਘ ਸਮੇਤ ਕੁੱਝ ਲੋਕਾਂ ਦੀਆਂ ਲਾਸ਼ਾਂ ਬਿਲਕੁਲ ਝੁਲਸ ਗਈਆਂ ਸਨ। ਕਈ ਸੁਰੱਖਿਆ ਕਰਮਚਾਰੀਆਂ ਦੇ ਅੰਗ ਵੀ ਧਮਾਕੇ ਕਾਰਨ ਇਧਰ-ਉਧਰ ਖਿਲਰ ਗਏ ਅਤੇ ਸਾਰਾ ਘਟਨਾ ਸਥਲ ਖ਼ੂਨ ਅਤੇ ਮਾਸ ਦੇ ਲੋਥੜਿਆਂ ਕਾਰਨ ਭਰਿਆ ਪਿਆ ਸੀ।

ਸਕੱਤਰੇਤ ਵਿਚ ਹਾਜ਼ਰ ਕੁਝ ਮੰਤਰੀ ਜਦੋਂ ਧਮਾਕੇ ਦੀ ਆਵਾਜ਼ ਸੁਣ ਕੇ ਥੱਲੇ ਆਏ ਤਾਂ ਉਨ੍ਹਾਂ ਨੇ ਹਾਲਾਤ ਵੇਖ ਕੇ ਫੁੱਟ-ਫੁੱਟ ਕੇ ਰੋਣਾ ਸ਼ੁਰੂ ਕਰ ਦਿੱਤਾ।

7 ਦਿਨਾਂ ਦਾ ਸ਼ੋਕ-ਸ: ਬੇਅੰਤ ਸਿੰਘ ਦੇ ਇਸ ਬੰਬ ਧਮਾਕੇ ਵਿਚ ਮਾਰੇ ਜਾਣ ਦੇ ਸ਼ੋਕ ਵਜੋਂ ਪੰਜਾਬ ਸਰਕਾਰ ਵੱਲੋਂ ਰਾਜ ਵਿਚ ਸੱਤ ਦਿਨਾਂ ਦਾ ਸ਼ੋਕ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

(ਬਾਕੀ ਸਫਾ 8 ਕਾਲਮ 6)

ਧਮਾਕਾ ਥੋੜ੍ਹੀ ਦੇਰ ਪਹਿਲਾਂ ਆ ਕੇ ਖੜ੍ਹੀ ਸਰਕਾਰੀ ਕਾਰ 'ਚ ਹੋਇਆ

ਬੱਬਰ ਖਾਲਸਾ ਨੇ ਜ਼ਿੰਮੇਵਾਰੀ ਲਈ

ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਭਾਈ ਵਧਾਵਾ ਸਿੰਘ ਨੇ ਅਖ਼ਬਾਰਾਂ ਦੇ ਨਾਂ ਬਿਆਨ ਜਾਰੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ। ਉਨ੍ਹਾਂ ਕਿਹਾ ਹੈ ਕਿ ਸਿੱਖ ਕੌਮ ਨਾਲ ਜਿਹੜੀ ਦੁਸ਼ਮਣੀ ਇਸ ਨੇ ਕੀਤੀ ਸੀ ਉਸ ਨਾਲ ਦੁਸ਼ਟਾਂ ਦੀ ਸੂਚੀ 'ਤੇ ਇਹ ਪਹਿਲੇ ਨੰਬਰ 'ਤੇ ਆ ਗਿਆ ਸੀ। ਇਸ ਕਰਕੇ ਇਸ ਨੂੰ ਇਹ ਸਜ਼ਾਏ-ਮੌਤ ਦੇਣੀ ਪਈ।

ਪੰਜਾਬ, ਹਰਿਆਣਾ ਤੇ ਚੰਡੀਗੜ੍ਹ 'ਚ 2-ਦਿਨਾ ਛੁੱਟੀ ਦਾ ਐਲਾਨ

ਚੰਡੀਗੜ੍ਹ, 31 ਅਗਸਤ-(ਏਜੰਸੀਆਂ) ਪੰਜਾਬ ਦੇ ਮੁੱਖ ਮੰਤਰੀ ਸ: ਬੇਅੰਤ ਸਿੰਘ ਦੀ ਬੰਬ ਧਮਾਕੇ 'ਚ ਹੋਈ ਮੌਤ ਦੇ ਅਫ਼ਸੋਸ ਵਜੋਂ ਪੰਜਾਬ, ਹਰਿਆਣਾ ਤੇ ਚੰਡੀਗੜ੍ਹ 'ਚ 2-ਦਿਨਾ ਸਰਕਾਰੀ ਛੁੱਟੀ ਤੇ 7 ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਗਿਆ ਹੈ। ਇਹ ਛੁੱਟੀ 'ਨਿਗੋਸ਼ੀਏਬਲ ਇਨਸਟਰੂਮੈਂਟਸ ਐਕਟ' ਦੇ ਤਹਿਤ ਵੀ ਕੀਤੀ ਗਈ ਹੈ।

ਬੰਬ ਧਮਾਕੇ ਵਿਚ 'ਚ ਮੁੱਖ ਮੰਤਰੀ ਦੀਆਂ ਨਾਕਸ ਹੋਈਆਂ ਕਾਰਾਂ ਦਾ ਮਲਬਾ। ਅਜੀਤ ਫੋਟੋ

ਮੁੱਖ ਮੰਤਰੀ ਬੇਅੰਤ ਸਿੰਘ : ਜੀਵਨ ਝਾਤ

ਬੇਅੰਤ ਸਿੰਘ ਦਾ ਜਨਮ 19 ਫਰਵਰੀ, 1922 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬਿਲਾਸਪੁਰ ਵਿਖੇ ਹੋਇਆ। ਉਨ੍ਹਾਂ ਨੇ ਮੈਟ੍ਰਿਕ ਦੀ ਪ੍ਰੀਖਿਆ ਉਕਾੜਾ (ਪਾਕਿਸਤਾਨ) ਤੋਂ ਪਾਸ ਕੀਤੀ ਜਦੋਂ ਕਿ ਬੀ. ਏ. ਸਰਕਾਰੀ ਕਾਲਜ ਲਾਹੌਰ ਤੋਂ ਕੀਤੀ।

ਉਹ 1943 ਵਿਚ ਫੌਜ ਵਿਚ ਭਰਤੀ ਹੋਏ ਪਰ ਦੋ ਸਾਲ ਹੀ ਸੇਵਾ ਕੀਤੀ। ਫੌਜ ਛੱਡ ਕੇ ਉਨ੍ਹਾਂ ਨੇ 1945 ਵਿਚ ਇਕ ਸਮਾਜ ਸੇਵਕ ਵਜੋਂ ਆਪਣਾ ਜਨਤਕ ਜੀਵਨ ਸ਼ੁਰੂ ਕੀਤਾ।

ਦੇਸ਼ ਦੀ ਵੰਡ ਤੋਂ ਪਿੱਛੋਂ ਉਹ ਦੋਰਾਹਾ ਤੋਂ ਪੰਜ ਕਿਲੋਮੀਟਰ ਦੂਰ ਪਿੰਡ ਕੋਟਲੀ ਵਿਚ ਆਬਾਦ ਹੋਏ। ਉਨ੍ਹਾਂ ਨੇ 1950 ਵਿਚ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ। 1960 ਵਿਚ ਉਹ ਬਲਾਕ ਸੰਮਤੀ ਦੋਰਾਹਾ ਦੇ ਚੇਅਰਮੈਨ ਚੁਣੇ ਗਏ। 1963 ਵਿਚ ਉਹ ਕੇਂਦਰੀ ਸਹਿਕਾਰੀ ਬੈਂਕ ਲੁਧਿਆਣਾ ਦੇ ਨਿਰਦੇਸ਼ਕ ਚੁਣੇ ਗਏ।

ਬੇਅੰਤ ਸਿੰਘ 1969 ਵਿਚ ਪਾਇਲ ਹਲਕੇ ਤੋਂ ਕਾਂਗਰਸ ਦੀ ਹਮਾਇਤ ਨਾਲ ਆਜ਼ਾਦ ਉਮੀਦਵਾਰ ਵਜੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਉਹ 1972 ਅਤੇ 1977 ਵਿਚ ਮੁੜ ਇਸੇ ਹਲਕੇ ਤੋਂ ਦੁਬਾਰਾ ਵਿਧਾਇਕ ਚੁਣੇ ਗਏ। ਵਿਧਾਨ ਸਭਾ ਵਿਚ ਉਹ ਕਈ ਕਮੇਟੀਆਂ ਦੇ ਮੈਂਬਰ ਅਤੇ ਚੇਅਰਮੈਨ ਰਹੇ।

1977 ਵਿਚ ਜਦੋਂ ਪੂਰੇ ਦੇਸ਼ ਵਿਚ ਜਨਤਾ ਲਹਿਰ ਚਲ ਰਹੀ ਸੀ, ਉਸ ਵੇਲੇ ਵੀ ਉਹ ਉਸੇ ਹਲਕੇ ਤੋਂ ਦੁਬਾਰਾ ਵਿਧਾਇਕ ਚੁਣੇ ਗਏ ਅਤੇ ਵਿਰੋਧੀ ਧਿਰ ਭਾਵ ਕਾਂਗਰਸ ਵਿਧਾਨਕਾਰ ਪਾਰਟੀ ਦੇ ਜਨਰਲ ਸਕੱਤਰ ਚੁਣੇ ਗਏ। ਉਹ 1977 ਤੋਂ 1980 ਤੱਕ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਪ੍ਰਧਾਨ ਰਹੇ।

1980 ਵਿਚ ਉਹ ਦੁਬਾਰਾ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਅਤੇ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਵਜ਼ਾਰਤ ਵਿਚ ਉਹ ਮੰਤਰੀ ਬਣੇ। ਉਨ੍ਹਾਂ ਕੋਲ ਮਾਲ, ਲੋਕ ਨਿਰਮਾਣ ਵਿਭਾਗ ਅਤੇ ਤਕਨੀਕੀ ਸਿੱਖਿਆ ਦੇ ਵਿਭਾਗ ਰਹੇ।

1985 ਵਿਚ ਉਨ੍ਹਾਂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਉਨ੍ਹਾਂ ਦੀਆਂ ਪਾਰਟੀ ਵਿਚਲੀਆਂ ਸੇਵਾਵਾਂ ਨੂੰ ਦੇਖਦਿਆਂ 1986 ਵਿਚ ਉਨ੍ਹਾਂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਇ) ਦਾ ਪ੍ਰਧਾਨ ਬਣਾ ਦਿੱਤਾ ਗਿਆ।

1991 ਦੀਆਂ ਜਥੇਬੰਦਕ ਚੋਣਾਂ ਵਿਚ ਉਨ੍ਹਾਂ ਨੂੰ ਸਰਬ-ਸੰਮਤੀ ਨਾਲ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਚੁਣ ਲਿਆ ਗਿਆ।

ਬਰਾੜ ਨੇ ਅੰਤ੍ਰਿਮ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

ਚੰਡੀਗੜ੍ਹ, 31 ਅਗਸਤ-(ਸਟਾਫ ਰਿਪੋਰਟਰ) ਪੰਜਾਬ ਮੰਤਰੀ ਮੰਡਲ ਦੇ ਸੀਨੀਅਰ ਮੰਤਰੀ ਸ: ਹਰਚਰਨ ਸਿੰਘ ਬਰਾੜ ਨੇ ਅੱਜ ਰਾਤ ਪੰਜਾਬ ਦੇ ਅੰਤ੍ਰਿਮ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ। ਰਾਜ ਦੇ ਰਾਜਪਾਲ ਸ੍ਰੀ ਬੀ.ਕੇ.ਐਨ. ਛਿੱਬਰ ਨੇ ਸ੍ਰੀ ਬਰਾੜ ਨੂੰ ਇਸ ਨਵੇਂ ਅਹੁਦੇ ਦੀ ਸਹੁੰ ਚੁਕਾਈ। ਇਸ ਮੌਕੇ ਰਾਜ ਭਵਨ ਵਿਚ ਕੇਵਲ ਦੋ ਮੰਤਰੀ ਸ: ਕਰਮ ਸਿੰਘ ਗਿੱਲ ਅਤੇ ਮਹਿੰਦਰ ਸਿੰਘ ਕੇ.ਪੀ., ਮੁੱਖ ਸਕੱਤਰ ਸ: ਅਮਰੀਕ ਸਿੰਘ ਪੂਨੀ ਅਤੇ ਪੁਲਿਸ ਮੁਖੀ ਸ੍ਰੀ ਕੇ.ਪੀ.ਐਸ. ਗਿੱਲ ਮੌਜੂਦ ਸਨ।

2 ਦਿਨਾ ਸਰਕਾਰੀ ਛੁੱਟੀ ਦਾ ਐਲਾਨ-ਸਹੁੰ ਚੁੱਕਣ ਤੋਂ ਬਾਅਦ ਨਵੇਂ ਮੁੱਖ ਮੰਤਰੀ ਸ: ਹਰਚਰਨ ਸਿੰਘ ਬਰਾੜ ਨੇ ਰਾਜ ਵਿਚ ਹਫਤੇ ਦੇ ਸ਼ੋਕ ਅਤੇ ਦੋ ਦਿਨਾਂ ਦੀ ਸਰਕਾਰੀ ਛੁੱਟੀ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਸ: ਬੇਅੰਤ ਸਿੰਘ ਦੀ ਦੇਹ ਅੰਤਮ ਦਰਸ਼ਨਾਂ ਲਈ ਕੱਲ੍ਹ ਚੰਡੀਗੜ੍ਹ ਰੱਖੀ ਜਾਵੇਗੀ ਅਤੇ ਉਨ੍ਹਾਂ ਦੇ ਅੰਤਿਮ ਸੰਸਕਾਰ ਸੰਬੰਧੀ ਫੈਸਲਾ ਪਰਿਵਾਰ ਦੀ ਰਾਏ ਦੇ ਨਾਲ ਬਾਅਦ ਵਿਚ ਕੀਤਾ ਜਾਵੇਗਾ। ਸ: ਬਰਾੜ ਨੇ ਦੱਸਿਆ ਕਿ ਕਾਂਗਰਸ ਵਿਧਾਨਕਾਰ ਪਾਰਟੀ ਦੀ ਇਕ ਸ਼ੋਕ ਮੀਟਿੰਗ ਕਲ੍ਹ ਸਵੇਰੇ ਚੰਡੀਗੜ੍ਹ ਵਿਧਾਨ ਭਵਨ ਵਿਚ ਹੋਵੇਗੀ।

ਪਾਰਟੀ ਦੇ ਨਵੇਂ ਨੇਤਾ ਦੀ ਚੋਣ ਸੰਬੰਧੀ ਪੁੱਛੇ ਜਾਣ 'ਤੇ ਸ: ਬਰਾੜ ਨੇ ਕਿਹਾ ਕਿ ਇਹ ਸ: ਬੇਅੰਤ ਸਿੰਘ ਦੇ ਅੰਤਿਮ ਸੰਸਕਾਰ ਤੋਂ ਬਾਅਦ ਹੋ ਸਕੇਗਾ। ਸ: ਬਰਾੜ ਨੇ ਸ: ਬੇਅੰਤ ਸਿੰਘ ਦੀ ਅਚਾਨਕ ਮੌਤ 'ਤੇ ਡੂੰਘਾ ਦੁਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਸ: ਬੇਅੰਤ

(ਬਾਕੀ ਸਫਾ 8 ਕਾਲਮ 8)

ਹਰਚਰਨ ਸਿੰਘ ਬਰਾੜ : ਜੀਵਨ ਝਾਤ

ਸ: ਹਰਚਰਨ ਸਿੰਘ ਬਰਾੜ ਦਾ ਜਨਮ 21 ਜਨਵਰੀ 1922 ਨੂੰ ਹੋਇਆ। ਉਹ ਇਕ ਬਹੁਤ ਹੀ ਹੁਸ਼ਿਆਰ ਵਿਦਿਆਰਥੀ ਅਤੇ ਉੱਘੇ ਖਿਡਾਰੀ ਰਹੇ। ਉਨ੍ਹਾਂ ਨੂੰ ਰਿਵਾਜ ਸੋਨ ਤਮਗਾ ਅਤੇ ਕਈ ਹੋਰ ਇਨਾਮ ਦਿੱਤੇ ਗਏ।

ਉਹ ਪ੍ਰਗਤੀਸ਼ੀਲ ਕਿਸਾਨ ਹਨ। ਉਹ 1946 ਤੋਂ ਕਾਂਗਰਸ ਦੇ ਸਰਗਰਮ ਕਾਰਕੁਨ ਚਲੇ ਆ ਰਹੇ ਹਨ। 1962 ਵਿਚ ਉਹ ਫਿਰੋਜ਼ਪੁਰ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਣੇ। 1957 ਵਿਚ ਉਹ ਕਾਂਗਰਸੀ ਟਿਕਟ 'ਤੇ ਪੰਜਾਬ ਵਿਧਾਨ ਸਭਾ ਲਈ ਮੁਕਤਸਰ ਹਲਕੇ ਤੋਂ ਚੁਣੇ ਗਏ। ਉਹ ਇਸ ਹਲਕੇ ਦੀ 1967 ਤਾਈਂ ਪ੍ਰਤੀਨਿਧਤਾ ਕਰਦੇ ਰਹੇ। 1967 ਵਿਚ ਉਹ ਗਿੱਦੜਬਾਹਾ ਤੋਂ ਅਤੇ ਫਿਰ ਮੱਧ-ਕਾਲੀ ਚੋਣਾਂ ਵਿਚ ਕੋਟਕਪੂਰਾ ਹਲਕੇ ਤੋਂ ਚੁਣੇ ਗਏ।

1962 ਵਿਚ ਉਹ ਸਿੰਚਾਈ, ਬਿਜਲੀ ਅਤੇ ਖੇਡਾਂ ਬਾਰੇ ਡਿਪਟੀ ਮੰਤਰੀ ਬਣੇ।

ਮੁੱਖ ਮੰਤਰੀ ਦੀ ਹੱਤਿਆ ਦੀ ਵੱਖ-ਵੱਖ ਰਾਜਸੀ ਪਾਰਟੀਆਂ ਵੱਲੋਂ ਸਖ਼ਤ ਨਿੰਦਾ

ਚੰਡੀਗੜ੍ਹ, 31 ਅਗਸਤ-ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਸ: ਬੇਅੰਤ ਸਿੰਘ ਦੀ ਹੱਤਿਆ 'ਤੇ ਅਫ਼ਸੋਸ ਪ੍ਰਗਟ ਕੀਤਾ ਗਿਆ ਹੈ। ਰਾਸ਼ਟਰਪਤੀ ਡਾ: ਸ਼ੰਕਰ ਦਿਆਲ ਸ਼ਰਮਾ ਨੇ ਆਪਣੇ ਸ਼ੋਕ ਸੁਨੇਹੇ ਵਿਚ ਕਿਹਾ ਕਿ ਇਹ ਸਾਡੇ ਸਭਿਆਚਾਰ ਅਤੇ ਦੇਸ਼ ਦੀ ਆਤਮਾ ਦੇ ਵਿਰੁੱਧ ਕੀਤਾ ਗਿਆ ਘਿਨਾਉਣਾ ਅਪਰਾਧ ਹੈ।

ਹਰਿਆਣਾ 'ਚ ਸੋਗ-ਹਰਿਆਣਾ ਸਰਕਾਰ ਵੱਲੋਂ ਮੁੱਖ ਮੰਤਰੀ ਦੀ ਮੌਤ ਦੇ ਸੋਗ ਵਜੋਂ ਆਪਣੇ ਦਫ਼ਤਰ, ਵਿਦਿਅਕ ਸੰਸਥਾਵਾਂ ਤਿੰਨ ਦਿਨਾਂ ਵਾਸਤੇ ਬੰਦ ਕਰ ਦਿੱਤੀਆਂ ਗਈਆਂ ਹਨ ਤੇ 11 ਦਿਨਾਂ ਦੇ ਸੋਗ ਦਾ ਐਲਾਨ ਕੀਤਾ ਗਿਆ ਹੈ।

ਵੀਰਭਦਰ ਸਿੰਘ-ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੀਰਭਦਰ ਸਿੰਘ ਵੱਲੋਂ ਸ: ਬੇਅੰਤ ਸਿੰਘ ਦੀ ਹੱਤਿਆ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਹੈ। ਮੌਤ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਹੈ ਕਿ ਦੇਸ਼ ਨੇ ਇਕ ਵੱਡਾ ਰਾਜਨੀਤੀਵਾਨ ਖੁਸ ਗਿਆ ਹੈ, ਜਿਸ ਵੱਲੋਂ ਹੌਸਲੇ ਤੇ ਦੂਰ-ਅੰਦੇਸ਼ੀ ਨਾਲ ਪੰਜਾਬ ਵਿਚ ਸ਼ਾਂਤੀ ਕਾਇਮ ਕੀਤੀ ਗਈ।

ਭਾਜਪਾ ਵੱਲੋਂ ਅਫ਼ਸੋਸ-ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਸ: ਬੇਅੰਤ ਸਿੰਘ ਦੀ ਬੰਬ ਧਮਾਕੇ ਵਿਚ ਹੋਈ ਮੌਤ 'ਤੇ ਅਫ਼ਸੋਸ ਪ੍ਰਗਟ ਕੀਤਾ ਗਿਆ ਹੈ। ਪਾਰਟੀ ਦੇ ਬੁਲਾਰੇ ਸ੍ਰੀ ਕ੍ਰਿਸ਼ਨ ਲਾਲ ਸ਼ਰਮਾ ਨੇ ਕਿਹਾ ਕਿ ਪੰਜਾਬ ਵਾਸਤੇ ਇਹ ਬਹੁਤ ਦੁਖਦਾਈ ਘਟਨਾ ਹੈ। ਉਨ੍ਹਾਂ ਕਿਹਾ ਕਿ ਇਹ ਬਦਕਿਸਮਤੀ ਹੈ ਕਿ ਇਕ ਵਾਰ ਫਿਰ ਪੰਜਾਬ ਨੂੰ ਅਸਥਿਰ ਕਰਨ ਵਾਲੀਆਂ ਸ਼ਕਤੀਆਂ ਨੂੰ ਸਫਲਤਾ ਹੱਥ ਲੱਗੀ ਹੈ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਦੁੱਖ ਦੀ ਘੜੀ ਦਾ ਇਕੱਠੇ ਹੋ ਕੇ ਸਾਹਮਣਾ ਕਰਨ ਤੇ ਦੇਸ਼ ਵਿਰੋਧੀ ਤੱਤਾਂ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਦੇਣ।

ਵੱਖ-ਵੱਖ ਆਗੂਆਂ ਵੱਲੋਂ ਨਿੰਦਾ-ਵੱਖ-ਵੱਖ ਰਾਜਸੀ ਪਾਰਟੀਆਂ ਅਤੇ ਆਗੂਆਂ ਵੱਲੋਂ ਮੁੱਖ ਮੰਤਰੀ ਦੀ ਹੱਤਿਆ ਦੀ ਨਿੰਦਾ ਕੀਤੀ ਗਈ ਹੈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ [illegible] ਨਾਲ ਦਹਿਸ਼ਤਵਾਦ ਵਿਰੋਧੀ ਲੜਾਈ ਨੂੰ [illegible] ਹੈ। ਕੇਂਦਰੀ ਕਲਿਆਣ ਰਾਜ ਮੰਤਰੀ [illegible] ਨੇ ਕਿਹਾ ਹੈ ਕਿ ਸ: ਬੇਅੰਤ ਸਿੰਘ ਦੀ ਮੌਤ [illegible] ਵੱਲੋਂ ਇਕ ਵੱਡਾ ਨੇਤਾ ਖੁਸ ਗਿਆ ਹੈ। [illegible] ਆਗੂ ਸ਼ਰਦ ਯਾਦਵ ਨੇ ਕਿਹਾ ਹੈ ਕਿ ਸ: ਬੇਅੰਤ ਸਿੰਘ ਦੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਹੁਸ਼ਿਆਰਪੁਰ-ਤੋਂ ਨਿੱਜੀ ਪੱਤਰ ਪ੍ਰੇਰਕ ਅਨੁਸਾਰ ਜਨਤਾ ਦਲ ਪੰਜਾਬ ਦੇ ਜਨਰਲ ਸਕੱਤਰ ਬਲਵੰਤ ਸਿੰਘ ਖੇੜਾ, ਚੌਧਰੀ ਇੰਦਰਜੀਤ ਸਿੰਘ, ਸਮਾਜਵਾਦੀ ਪਾਰਟੀ ਦੇ ਰਾਜ ਕੁਮਾਰ [illegible], ਭਾਜਪਾ ਦੇ ਜੰਗੀ ਲਾਲ ਮਹਾਜਨ, ਸਤਪਾਲ [illegible], ਗੁਲਸ਼ਨ ਰਾਏ ਗਰਗ, ਖੈਰਤੀ ਲਾਲ ਵਰਮਾ, ਅਮਰਜੀਤ ਸਿੰਘ ਬੇਦੀ, ਭੀਖਣ ਸੂਦ ਆਦਿ ਨੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਬੰਬ ਧਮਾਕੇ ਵਿਚ ਮਾਰੇ ਜਾਣ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਫਿਰ ਹਿੰਸਾ ਦਾ ਦੌਰ ਸ਼ੁਰੂ ਹੋ ਗਿਆ ਹੈ, ਜੋ ਕਿ ਬੇਚੈਨੀ ਦੀ ਨਿਸ਼ਾਨੀ ਹੈ।

ਸੀ. ਪੀ. ਆਈ-ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸ: ਬੇਅੰਤ ਸਿੰਘ ਦੀ ਦਰਦਨਾਕ ਮੌਤ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਗਈ ਹੈ। ਸੀ ਪੀ ਆਈ ਦੀ ਕਾਰਜਕਾਰਨੀ ਨੇ ਕਿਹਾ ਕਿ ਇਸ ਘਟਨਾ ਨੇ ਸਾਬਤ ਕਰ ਦਿੱਤਾ ਹੈ ਕਿ ਦਹਿਸ਼ਤਵਾਦ ਹਰ ਹਾਲਤ ਵਿਚ ਕੁਚਲ ਦੇਣਾ ਚਾਹੀਦਾ ਹੈ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਐਲ.ਕੇ. ਅਡਵਾਨੀ ਨੇ ਬੇਅੰਤ ਸਿੰਘ ਦੀ ਮੌਤ ਨੂੰ ਅਫ਼ਸੋਸਨਾਕ ਅਤੇ ਮੰਦਭਾਗਾ ਕਰਾਰ ਦਿੱਤਾ ਹੈ।

ਬੰਗਾਲ 'ਚ ਰੈਡ ਅਲਰਟ-ਮੁੱਖ ਮੰਤਰੀ ਸ:

(ਬਾਕੀ ਸਫਾ 8 ਕਾਲਮ 3)

ਰਾਮਾ ਰਾਓ ਦਾ ਅਸਤੀਫ਼ਾ-ਨਾਇਡੂ ਅੱਜ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣਗੇ

ਹੈਦਰਾਬਾਦ, 31 ਅਗਸਤ-(ਪੀ. ਟੀ. ਆਈ., ਯੂ. ਐਨ. ਆਈ.) ਮੁੱਖ ਮੰਤਰੀ ਐਨ. ਟੀ. ਰਾਮਾ ਰਾਓ ਦੇ ਅਸਤੀਫ਼ੇ ਤੋਂ ਬਾਅਦ ਆਂਧਰਾ ਪ੍ਰਦੇਸ਼ ਦੇ ਰਾਜਪਾਲ ਕ੍ਰਿਸ਼ਨ ਕਾਂਤ ਨੇ ਰਾਜ ਵਿਚ ਨਵੀਂ ਸਰਕਾਰ ਬਣਾਉਣ ਲਈ ਅੱਜ ਤੇਲਗੂ ਦੇਸਮ ਪਾਰਟੀ ਦੇ ਵਿਧਾਇਕ ਦਲ ਦੇ ਨੇਤਾ ਐਨ. ਚੰਦਰ ਬਾਬੂ ਨਾਇਡੂ ਨੂੰ ਸੱਦਾ ਦੇ ਦਿੱਤਾ।

ਇਸ ਤੋਂ ਪਹਿਲਾਂ ਤੇਲਗੂ ਦੇਸਮ ਪਾਰਟੀ ਦੇ ਪਾਰਲੀਮਾਨੀ ਨੇਤਾ ਡਾ. ਡੀ. ਵੈਂਕਟੇਸ਼ਵਰ ਰਾਓ ਅਤੇ ਸਾਬਕ ਮੰਤਰੀਆਂ ਅਸ਼ੋਕ ਗਜਪਤੀ ਰਾਜੂ, ਟੀ. ਦੇਵੇਂਦਰ ਗੌੜ ਅਤੇ ਕੇ. ਵਿਦਿਆਧਰ ਰਾਓ ਨੇ ਸਾਢੇ [illegible] ਵਜੇ ਸ਼ਾਮ ਰਾਜਪਾਲ ਨੂੰ ਮਿਲ ਕੇ ਸ੍ਰੀ ਨਾਇਡੂ ਨੂੰ ਨਵੀਂ ਸਰਕਾਰ ਬਣਾਉਣ ਲਈ ਸੱਦਾ ਦੇਣ ਲਈ [illegible] ਪੱਤਰ ਰਾਹੀਂ ਬੇਨਤੀ ਕੀਤੀ। ਸ੍ਰੀ ਨਾਇਡੂ ਕੱਲ੍ਹ [illegible] ਦੁਪਹਿਰ ਸਵਾ ਬਾਰਾਂ ਵਜੇ ਰਾਜ ਭਵਨ [illegible] ਚੁੱਕਣਗੇ।

[illegible] ਨਾਲ ਰਾਜ ਵਿਚ ਹਫ਼ਤੇ ਤੋਂ ਚੱਲ ਰਿਹਾ [illegible] ਅੱਜ ਨਾਟਕੀ ਢੰਗ ਨਾਲ ਖ਼ਤਮ ਹੋ [illegible] ਰਾਜਪਾਲ ਸ੍ਰੀ ਕ੍ਰਿਸ਼ਨ ਕਾਂਤ ਨੇ ਉਨ੍ਹਾਂ ਦਾ [illegible] ਪ੍ਰਵਾਨ ਕਰ ਲਿਆ ਜਦੋਂ ਕਿ ਪ੍ਰਦੇਸ਼ [illegible] ਸ੍ਰੀ ਰਾਮਾ ਰਾਓ ਵੱਲੋਂ ਭਰੋਸੇ ਦਾ ਵੋਟ ਪ੍ਰਾਪਤ [illegible] ਕੇਵਲ 2 ਘੰਟੇ ਦਾ ਸਮਾਂ ਰਹਿ ਗਿਆ ਸੀ।

[illegible] ਸ੍ਰੀ ਰਾਮਾ ਰਾਓ ਅੱਜ ਸਵੇਰੇ [illegible] ਸਨ ਜਿਸ ਕਾਰਨ ਉਨ੍ਹਾਂ ਨੂੰ [illegible] ਹਸਪਤਾਲ ਵਿਚ ਦਾਖ਼ਲ [illegible] ਡਾਕਟਰਾਂ ਅਨੁਸਾਰ ਉਨ੍ਹਾਂ ਨੂੰ [illegible] ਸੀ ਅਤੇ ਫੇਫੜਿਆਂ [illegible] ਸੀ। [illegible] ਸਕੱਤਰ ਡਾ. ਐਨ. ਜੇ. ਪ੍ਰਕਾਸ਼ ਨਾਰਾਇਣ ਅਤੇ ਅਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ (ਅਮਨ ਅਤੇ ਕਾਨੂੰਨ) ਸ੍ਰੀ ਐਚ. ਜੇ. ਡੋਰ ਅੱਜ ਬਾਅਦ ਦੁਪਹਿਰ 1.30 ਵਜੇ ਦੇ ਕਰੀਬ ਰਾਜ ਭਵਨ ਗਏ ਅਤੇ ਰਾਜਪਾਲ ਨੂੰ ਸ੍ਰੀ ਰਾਓ ਵੱਲੋਂ ਦਿੱਤੇ ਅਸਤੀਫ਼ੇ ਬਾਰੇ ਦੱਸਿਆ।

ਰਾਜਪਾਲ 10 ਮਿੰਟਾਂ ਪਿੱਛੋਂ ਹੀ ਐਨ. ਟੀ. ਰਾਮਾ ਰਾਓ ਨੂੰ ਹਸਪਤਾਲ ਦੇਖਣ ਗਏ। ਉਹ ਮੁੱਖ ਮੰਤਰੀ ਕੋਲ ਕਰੀਬ 10 ਮਿੰਟ ਠਹਿਰੇ। ਇਸ ਮੌਕੇ 'ਤੇ ਜਦ ਪੱਤਰਕਾਰਾਂ ਨੇ ਉਨ੍ਹਾਂ ਤੋਂ ਸ੍ਰੀ ਰਾਮਾ ਰਾਓ ਵੱਲੋਂ ਅਸਤੀਫ਼ੇ ਦਿੱਤੇ ਜਾਣ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਸ੍ਰੀ ਰਾਮਾ ਰਾਓ ਨੇ ਉਨ੍ਹਾਂ ਨੂੰ ਇਕ ਪੱਤਰ ਦਿੱਤਾ ਹੈ ਪਰ ਉਨ੍ਹਾਂ ਹਾਲੀ ਇਸ ਨੂੰ ਪੜ੍ਹਿਆ ਨਹੀਂ।

ਪਿੱਛੋਂ ਰਾਜਪਾਲ ਨੇ ਆਪਣੇ ਮੁੱਖ ਸਕੱਤਰ ਸ੍ਰੀ ਏ. ਐਨ. ਤਿਵਾੜੀ ਨਾਲ ਸਲਾਹ ਕੀਤੀ ਅਤੇ ਕੇਂਦਰ ਨਾਲ ਮਸ਼ਵਰੇ ਪਿੱਛੋਂ ਅਸਤੀਫ਼ਾ ਪ੍ਰਵਾਨ ਕਰ ਲਿਆ।

ਰਾਜ ਭਵਨ ਤੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਕਿ ਰਾਜਪਾਲ ਨੇ ਸ੍ਰੀ ਰਾਮਾ ਰਾਓ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ ਅਤੇ ਉਨ੍ਹਾਂ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਨੂੰ ਬੇਨਤੀ ਕੀਤੀ ਹੈ ਕਿ ਉਹ ਨਵੀਂ ਸਰਕਾਰ ਦੇ ਗਠਨ ਤੱਕ ਕੰਮ ਕਰਦੇ ਰਹਿਣ। ਅਸਤੀਫ਼ੇ ਦੀ ਇਕ ਨਕਲ ਲੈਜਿਸਲੇਚਰ ਸਕੱਤਰੇਤ ਨੂੰ ਭੇਜੀ ਗਈ।

ਸੂਤਰਾਂ ਅਨੁਸਾਰ ਸ੍ਰੀ ਰਾਮਾ ਰਾਓ ਨੇ ਅੱਜ ਸਵੇਰੇ ਰਾਸ਼ਟਰੀ ਫਰੰਟ ਦੇ ਨੇਤਾਵਾਂ ਸ੍ਰੀ ਵੀ. ਪੀ. ਸਿੰਘ ਅਤੇ ਸ੍ਰੀ ਸ਼ਰਦ ਯਾਦਵ ਨਾਲ ਆਪਣੇ ਨਿਵਾਸ ਅਸਥਾਨ 'ਤੇ ਨਾਸ਼ਤੇ 'ਤੇ ਮੀਟਿੰਗ ਦੌਰਾਨ ਅਸਤੀਫ਼ਾ ਦੇਣ ਦਾ ਫੈਸਲਾ ਕੀਤਾ ਸੀ। ਉਨ੍ਹਾਂ ਰਾਜਪਾਲ ਨਾਲ 11.00 ਵਜੇ ਮੁਲਾਕਾਤ ਲਈ ਸਮਾਂ ਮੰਗਿਆ ਪਰ ਜਦ ਉਹ ਆਪਣਾ ਤਿਆਗ-ਪੱਤਰ ਪੜ੍ਹ ਰਹੇ ਸਨ ਤਾਂ ਉਹ ਅਚਾਨਕ ਬਿਮਾਰ ਹੋ ਕੇ ਡਿਗ ਪਏ। ਉਨ੍ਹਾਂ ਨੂੰ ਖਾਂਸੀ ਦਾ ਦੌਰਾ ਪਿਆ ਅਤੇ ਦਮ ਘੁਟਣ ਲੱਗ ਪਿਆ। ਉਨ੍ਹਾਂ ਨੂੰ ਤੁਰੰਤ ਸ਼ਹਿਰ ਦੇ ਇਕ ਪ੍ਰਮੁੱਖ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਨ੍ਹਾਂ ਦਾ ਮੁਆਇਨਾ ਕੀਤਾ ਅਤੇ ਦੱਸਿਆ ਕਿ ਉਨ੍ਹਾਂ ਨੂੰ ਦਿਲ ਦਾ ਹਲਕਾ ਦੌਰਾ ਪਿਆ ਹੈ ਅਤੇ ਫੇਫੜਿਆਂ ਦੀ ਸੋਜਸ਼ ਵੀ ਹੈ।

ਸ੍ਰੀ ਰਾਮਾ ਰਾਓ ਆਂਧਰਾ ਪ੍ਰਦੇਸ਼ ਦੇ ਦੂਜੇ ਮੁੱਖ ਮੰਤਰੀ ਹਨ ਜਿਨ੍ਹਾਂ ਅਸੰਬਲੀ ਵਿਚ ਭਰੋਸੇ ਦੇ ਵੋਟ ਦਾ ਸਾਹਮਣਾ ਕੀਤੇ ਬਿਨਾਂ ਹੀ ਅਸਤੀਫ਼ਾ ਦੇ ਦਿੱਤਾ। ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਐਨ. ਭਾਸਕਰ ਰਾਓ ਨੂੰ ਅਸੰਬਲੀ ਵਿਚ ਤਾਕਤ-ਅਜ਼ਮਾਈ ਤੋਂ ਪਹਿਲਾਂ ਹੀ ਅਸਤੀਫ਼ਾ ਦੇਣ 'ਤੇ ਮਜਬੂਰ ਹੋਣਾ ਪਿਆ ਸੀ।

ਹੋਰ ਸੂਚਨਾ ਅਨੁਸਾਰ ਸ੍ਰੀ ਰਾਮਾ ਰਾਓ ਦੀ ਹਾਲਤ ਸਥਿਰ ਹੈ ਅਤੇ ਚਿੰਤਾ ਵਾਲੀ ਕੋਈ ਗੱਲ ਨਹੀਂ। ਦਿਲ ਦੇ ਮਾਹਰ ਡਾ. ਪੀ. ਐਸ. ਰੈਡੀ ਦੀ ਅਗਵਾਈ ਵਿਚ ਮਾਹਰਾਂ ਦੀ ਇਕ ਟੀਮ ਲਗਾਤਾਰ ਸ੍ਰੀ ਰਾਓ ਦੀ ਨਿਗਰਾਨੀ ਕਰ ਰਹੀ ਹੈ।

ਸ੍ਰੀ ਰਾਮਾ ਰਾਓ ਦੀ ਪਤਨੀ ਸ੍ਰੀਮਤੀ ਲਕਸ਼ਮੀ ਪਾਰਵਤੀ ਨੂੰ ਵੀ ਅੱਜ ਅਚਾਨਕ ਬੇਹੋਸ਼ ਹੋ ਜਾਣ 'ਤੇ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਉਨ੍ਹਾਂ ਦੀ ਹਾਲਤ ਵੀ ਸਥਿਰ ਦੱਸੀ ਜਾਂਦੀ ਹੈ। ਉਨ੍ਹਾਂ ਦੀ ਬੇਹੋਸ਼ੀ ਦਾ ਕਾਰਨ ਥਕਾਵਟ ਕਾਰਨ ਖ਼ੂਨ ਦਾ ਦਬਾਅ ਘੱਟ ਜਾਣਾ ਸੀ।

ਹੋਰ ਸੂਚਨਾ ਅਨੁਸਾਰ ਜਦ ਸ੍ਰੀ ਰਾਮਾ ਰਾਓ ਦਾ ਤੀਜਾ ਲੜਕਾ ਸ੍ਰੀ ਹਰੀਕ੍ਰਿਸ਼ਨਾ, ਜਿਹੜੇ ਕਿ ਤੇਲਗੂ ਦੇਸਮ ਪਾਰਟੀ ਦੇ ਵੱਖ ਹੋਏ ਗੁਟ ਦਾ ਸਾਥ ਦੇ ਰਹੇ ਹਨ, ਆਪਣੇ ਪਿਤਾ ਨੂੰ ਦੇਖਣ ਹਸਪਤਾਲ ਗਏ ਤਾਂ ਮੁੱਖ ਮੰਤਰੀ ਦੇ ਹਮਾਇਤੀਆਂ ਨੇ ਉਨ੍ਹਾਂ ਵਿਰੁੱਧ 'ਵਾਪਸ ਜਾਓ' ਦੇ ਨਾਅਰੇ ਲਾਏ। ਸ੍ਰੀ ਹਰੀਕ੍ਰਿਸ਼ਨਾ, ਸ੍ਰੀ ਸਾਈਕ੍ਰਿਸ਼ਨਾ ਅਤੇ ਜੈ ਕ੍ਰਿਸ਼ਨਾ ਤਿੰਨੇ ਰਾਮਾ ਰਾਓ ਦੇ ਪੁੱਤਰ ਅਤੇ ਪਰਿਵਾਰ ਦੇ ਹੋਰ ਮੈਂਬਰ ਹਸਪਤਾਲ ਦੇ ਅੰਦਰ ਚਲੇ ਗਏ। ਗ੍ਰਹਿ ਮੰਤਰੀ ਪੀ. ਇੰਦਰਾ ਰੈਡੀ ਨੇ ਹਸਪਤਾਲ ਵਿਖੇ ਪੱਤਰਕਾਰਾਂ ਨੂੰ ਦੱਸਿਆ ਕਿ ਰਾਮਾ ਰਾਓ ਨੂੰ ਕੱਲ੍ਹ ਸ਼ਾਮ ਹੀ ਜਲਸੇ ਤੋਂ ਪਹਿਲਾਂ ਛਾਤੀ ਵਿਚ ਦਰਦ ਹੋਈ ਸੀ ਪਰ ਤਾਂ ਵੀ ਉਹ ਜਲਸੇ ਵਿਚ ਪੁੱਜੇ ਸਨ। ਉਨ੍ਹਾਂ ਕਿਹਾ ਸ੍ਰੀ ਰਾਮਾ ਰਾਓ ਬੇਹੋਸ਼ ਹਨ ਅਤੇ ਡਾਕਟਰ ਉਨ੍ਹਾਂ ਦੀ ਦੇਖਭਾਲ ਕਰ ਰਹੇ ਹਨ।

ਬੰਬ ਸੁੱਟੇ-ਅੱਜ ਸਵੇਰੇ ਕੁਝ ਸ਼ਰਾਰਤੀਆਂ ਨੇ ਆਂਧਰਾ ਪ੍ਰਦੇਸ਼ ਅਸੰਬਲੀ ਦੇ ਸਪੀਕਰ ਸ੍ਰੀ ਰਾਮਾ ਕ੍ਰਿਸ਼ਨੂਡੂ ਦੇ ਨਿਵਾਸ ਸਥਾਨ ਅਤੇ ਨਵੇਂ ਐਮ. ਐਲ. ਏ. ਕੁਆਰਟਰਾਂ ਉੱਤੇ ਬੰਬ ਸੁੱਟੇ। ਸਿਟੀ ਪੁਲਿਸ ਕਮਿਸ਼ਨਰ ਸ੍ਰੀ ਵੀ. ਅੱਪਾ ਰਾਓ ਨੇ ਦੱਸਿਆ ਕਿ ਐਮ. ਐਲ. ਏਜ਼. ਦੇ 6 ਕੁਆਰਟਰਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਸਪੀਕਰ ਦੇ ਨਿਵਾਸ ਸਥਾਨ 'ਤੇ ਸੁੱਟਿਆ ਇਕ ਬੰਬ ਇਕ ਦਰੱਖਤ ਵਿਚ ਵੱਜਾ ਅਤੇ ਉਹ ਨਾ ਫੱਟਿਆ। ਇਨ੍ਹਾਂ ਘਟਨਾਵਾਂ ਵਿਚ ਕੋਈ ਜਾਨੀ ਨੁਕਸਾਨ ਹੋਣ ਦੀ ਸੂਚਨਾ ਨਹੀਂ। ਪੁਲਿਸ ਨੇ 30 ਵਿਅਕਤੀਆਂ ਨੂੰ ਹਰਾਸਤ ਵਿਚ ਲਿਆ ਹੈ।

ਹੈਦਰਾਬਾਦ ਅਤੇ ਸਿਕੰਦਰਾਬਾਦ ਦੇ ਜੁੜਵਾ ਸ਼ਹਿਰਾਂ ਵਿਚ ਅੱਜ ਸਾਰੇ ਸਕੂਲ ਅਤੇ ਕਾਲਜ ਇਹਤਿਆਤ ਵਜੋਂ ਬੰਦ ਕਰ ਦਿੱਤੇ ਗਏ ਸਨ।

ਇਸੇ ਹੀ ਸਮੇਂ ਦੌਰਾਨ ਰਾਜਪਾਲ ਵੱਲੋਂ ਸਰਕਾਰ ਦੇ ਗਠਨ ਵਾਸਤੇ ਚੰਦਰਾ ਬਾਬੂ ਨਾਇਡੂ ਨੂੰ ਸੱਦਾ ਦਿੱਤਾ ਗਿਆ ਹੈ।

ਮਕਾਨ ਡਿੱਗਣ ਨਾਲ ਪੰਜ ਜੀਅ ਮਰੇ

ਮਥਰਾ, 31 ਅਗਸਤ-(ਪੀ. ਟੀ. ਆਈ.) ਕੱਲ੍ਹ ਵਰਿੰਦਾਬਨ ਵਿਚ ਇਕ ਮਕਾਨ ਡਿੱਗਣ ਨਾਲ ਇਕ ਪਰਿਵਾਰ ਦੀਆਂ ਤਿੰਨ ਔਰਤਾਂ ਅਤੇ ਦੋ ਬੱਚੇ ਮਲਬੇ ਹੇਠ ਦੱਬਕੇ ਮਰ ਗਏ ਜਦ ਕਿ ਇਕ ਵਿਅਕਤੀ ਜ਼ਖਮੀ ਹੋ ਗਿਆ।

ਬੰਬ ਧਮਾਕੇ ਪਿੱਛੇ ਕੇ.ਐਲ.ਐਫ. ਅਤੇ ਬੱਬਰ ਖਾਲਸਾ ਦਾ ਹੱਥ ਸੰਭਵ-ਗਿੱਲ

ਚੰਡੀਗੜ੍ਹ, 31 ਅਗਸਤ-(ਪੀ.ਟੀ.ਆਈ.) ਪੰਜਾਬ ਪੁਲਿਸ ਦੇ ਮੁਖੀ ਕੇ.ਪੀ.ਐਸ. ਗਿੱਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਸ: ਬੇਅੰਤ ਸਿੰਘ ਦੀ ਹੱਤਿਆ ਪਿੱਛੇ ਦੋ ਖਾੜਕੂ ਜਥੇਬੰਦੀਆਂ ਕੇ.ਐਲ.ਐਫ. ਅਤੇ ਬੱਬਰ ਖਾਲਸਾ ਦਾ ਹੱਥ ਹੋ ਸਕਦਾ ਹੈ ਹਾਲਾਂ ਕਿ ਕਿਸੇ ਵੀ ਖਾੜਕੂ ਗਰੁੱਪ ਵਲੋਂ ਇਸ ਦੀ ਜ਼ਿੰਮੇਵਾਰੀ ਨਹੀਂ ਲਈ ਗਈ। ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਗਿੱਲ ਨੇ ਸਵੀਕਾਰ ਕੀਤਾ ਕਿ ਇਹ ਘਟਨਾ ਸੁਰੱਖਿਆ ਪ੍ਰਬੰਧ ਦੀ ਅਸਫਲਤਾ ਦਾ ਗੰਭੀਰ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਬੰਬ ਕਿਥੇ ਫਿੱਟ ਕੀਤਾ ਗਿਆ ਸੀ ਇਸ ਬਾਰੇ ਦੱਸ ਸਕਣਾ ਮੁਸ਼ਕਿਲ ਹੈ। ਸ੍ਰੀ ਗਿੱਲ ਨੇ ਕਿਹਾ ਕਿ ਮਾਹਿਰਾਂ ਦੀ ਰਿਪੋਰਟ ਮਿਲਣ ਅਤੇ ਸਥਿਤੀ ਦਾ ਜਾਇਜ਼ਾ ਲੈਣ ਤੋਂ ਬਾਅਦ ਹੀ ਇਸ ਬਾਰੇ ਕੁਝ ਦੱਸਿਆ ਜਾ ਸਕੇਗਾ ਕਿ ਅਸਲ ਵਿਚ ਸਭ ਕੁਝ ਕਿਵੇਂ ਵਾਪਰਿਆ। ਉਨ੍ਹਾਂ ਨੇ ਕਿਹਾ ਕਿ ਜਿਥੋਂ ਤੱਕ ਮੁੱਖ ਮੰਤਰੀ ਦੇ ਸੁਰੱਖਿਆ ਪ੍ਰਬੰਧਾਂ ਦਾ ਸੰਬੰਧ ਹੈ ਇਨ੍ਹਾਂ ਬਾਰੇ ਲਗਾਤਾਰ ਜਾਇਜ਼ਾ ਲਿਆ ਜਾਂਦਾ ਰਿਹਾ ਹੈ। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਕੀ ਇਸ ਧਮਾਕੇ ਪਿੱਛੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦਾ ਹੱਥ ਹੈ ਤਾਂ ਉਨ੍ਹਾਂ ਕਿਹਾ ਕਿ ਅਜੇ ਜਾਂਚ ਮੁਕੰਮਲ ਕੀਤੀ ਜਾਣੀ ਹੈ। ਪੁਲਿਸ ਮੁਖੀ ਨੇ ਕਿਹਾ ਕਿ ਇਹ ਕਹਿਣਾ ਮੁਸ਼ਕਿਲ ਹੈ ਪਰ ਆਈ.ਐਸ.ਆਈ. ਸਰਗਰਮ ਰਹੀ ਹੈ। ਗਿੱਲ ਨੇ ਹੋਰ ਕਿਹਾ ਕਿ ਦੋ ਵਰ੍ਹਿਆਂ ਦੇ ਅਰਸੇ ਤੋਂ ਬਾਅਦ ਖਾੜਕੂਆਂ ਵਲੋਂ ਕੀਤਾ ਗਿਆ ਇਹ ਵੱਡਾ ਹਮਲਾ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਕੁਝ ਕਹਿਣਾ ਮੁਸ਼ਕਿਲ ਹੈ ਕਿ ਇਹ ਧਮਾਕਾ ਟਾਈਮ ਬੰਬ ਜਾਂ ਰਿਮੋਟ ਕੰਟਰੋਲ ਰਾਹੀਂ ਕੀਤਾ ਗਿਆ।

ਗਿੱਲ ਨੇ ਕਿਹਾ ਕਿ ਧਮਾਕਾ 5 ਵੱਜ ਕੇ 7 ਮਿੰਟ 'ਤੇ ਹੋਇਆ ਤੇ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ 13 ਵਿਅਕਤੀ ਘਟਨਾ ਸਥਲ 'ਤੇ ਹੀ ਦਮ ਤੋੜ ਗਏ ਤੇ 18 ਹੋਰ ਜ਼ਖ਼ਮੀ ਹੋ ਗਏ। ਸ੍ਰੀ ਗਿੱਲ ਨੇ ਦੱਸਿਆ ਕਿ 11 ਜ਼ਖ਼ਮੀਆਂ ਨੂੰ ਸੈਕਟਰ 16 ਦੇ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ ਜਦ ਕਿ 7 ਨੂੰ ਪੀ.ਜੀ.ਆਈ. 'ਚ ਭੇਜਿਆ ਗਿਆ ਹੈ। ਗਿੱਲ ਨੇ ਕਿਹਾ ਕਿ ਲਾਸ਼ਾਂ ਦੀ ਹਾਲਤ ਏਨੀ ਬੁਰੀ ਤਰ੍ਹਾਂ ਵਿਗੜ ਚੁੱਕੀ ਹੈ ਕਿ ਬੰਬ ਧਮਾਕੇ ਦਾ ਸ਼ਿਕਾਰ ਹੋਏ ਲੋਕਾਂ ਨੂੰ ਪਛਾਣਨਾ ਮੁਸ਼ਕਿਲ ਹੈ।

ਬੈਂਕ ਮੁਲਾਜ਼ਮਾਂ ਦੀ ਦੇਸ਼ ਵਿਆਪੀ ਹੜਤਾਲ ਕਾਰਨ ਕੰਮ ਕਾਜ ਠੱਪ

ਨਵੀਂ ਦਿੱਲੀ, 31 ਅਗਸਤ-(ਯੂ. ਐਨ. ਆਈ., ਪੀ. ਟੀ. ਆਈ.) ਤਨਖਾਹ ਸਕੇਲਾਂ ਵਿਚ ਸੋਧ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਬੈਂਕ ਮੁਲਾਜ਼ਮਾਂ ਦੀ ਬਹੁਗਿਣਤੀ ਨੇ ਅੱਜ ਇਕ ਦਿਨਾ ਦੇਸ਼-ਵਿਆਪੀ ਹੜਤਾਲ ਕੀਤੀ। ਮੁਲਾਜ਼ਮਾਂ ਦੀ ਹੜਤਾਲ ਕਾਰਨ ਦੇਸ਼ ਭਰ ਵਿਚ ਅੱਜ ਬੈਂਕਿੰਗ ਸੇਵਾਵਾਂ ਬੁਰੀ ਤਰ੍ਹਾਂ ਠੱਪ ਹੋ ਗਈਆਂ। ਭਾਰਤੀ ਮਜ਼ਦੂਰ ਸੰਘ (ਬੀ.ਐਮ.ਐਸ.) ਤੇ ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ (ਇੰਟਕ) ਨਾਲ ਸੰਬੰਧਿਤ ਯੂਨੀਅਨਾਂ ਨੇ ਇਸ ਦੇਸ਼-ਵਿਆਪੀ ਹੜਤਾਲ ਦੇ ਸੱਦੇ ਦਾ ਵਿਰੋਧ ਕੀਤਾ। ਨੈਸ਼ਨਲ ਆਰਗੇਨਾਈਜ਼ੇਸ਼ਨ ਆਫ ਬੈਂਕ ਵਰਕਰਜ਼ ਨਾਲ ਸੰਬੰਧਿਤ 2 ਲੱਖ ਬੈਂਕ ਮੁਲਾਜ਼ਮਾਂ ਨੇ ਅੱਜ ਦੀ ਹੜਤਾਲ ਵਿਚ ਸ਼ਮੂਲੀਅਤ ਨਹੀਂ ਕੀਤੀ।

ਇਹ ਦਾਅਵਾ ਆਰਗੇਨਾਈਜ਼ੇਸ਼ਨ ਦੇ ਉੱਤਰੀ ਖੇਤਰ ਦੇ ਸਕੱਤਰ ਸ੍ਰੀ ਐਸ. ਕੇ. ਰਾਠੌਰ ਨੇ ਕੀਤਾ। ਅੱਜ ਦੀ ਬੈਂਕ ਮੁਲਾਜ਼ਮਾਂ ਦੀ ਹੜਤਾਲ ਦੀ ਹਮਾਇਤ ਨੈਸ਼ਨਲ ਕਨਫੈਡਰੇਸ਼ਨ ਆਫ ਬੈਂਕ ਇੰਪਲਾਈਜ਼, ਆਲ ਇੰਡੀਆ ਬੈਂਕ ਇੰਪਲਾਈਜ਼ ਐਸੋਸੀਏਸ਼ਨ, ਬੈਂਕ ਇੰਪਲਾਈਜ਼ ਫੈਡਰੇਸ਼ਨ ਆਫ ਇੰਡੀਆ ਅਤੇ ਨੈਸ਼ਨਲ ਬੈਂਕ ਇੰਪਲਾਈਜ਼ ਫੈਡਰੇਸ਼ਨ ਨੇ ਕੀਤੀ।

ਹੜਤਾਲ ਕਾਰਨ ਅੱਜ ਸਵੇਰ ਸਮੇਂ ਸਾਰੇ ਬੈਂਕਾਂ ਵਿਚ ਕੰਮਕਾਜ ਪ੍ਰਭਾਵਿਤ ਹੋਇਆ। ਬੈਂਕ ਮੁਲਾਜ਼ਮਾਂ ਦੇ ਹੜਤਾਲ 'ਤੇ ਗਏ ਹੋਣ ਕਰਕੇ ਬੈਂਕਾਂ ਦੇ ਅਫ਼ਸਰ

(ਬਾਕੀ ਸਫਾ 8 ਕਾਲਮ 1)

ਮੁੱਖ ਮੰਤਰੀ ਸ: ਬੇਅੰਤ ਸਿੰਘ ਦੇ ਜੀਵਨ ਦੀਆਂ ਕੁਝ ਝਲਕਾਂ

1992 ਵਿਚ ਸਵਰਗਵਾਸੀ ਗਵਰਨਰ ਸ੍ਰੀ ਸੁਰਿੰਦਰ ਨਾਥ ਤੋਂ ਅਹੁਦੇ ਦੀ ਸਹੁੰ ਚੁਕਦੇ ਹੋਏ।

ਮੁੱਖ ਮੰਤਰੀ ਸ: ਬੇਅੰਤ ਸਿੰਘ

ਪ੍ਰਧਾਨ ਮੰਤਰੀ ਸ੍ਰੀ ਨਰਸਿਮ੍ਹਾ ਰਾਓ ਨੂੰ ਦਿੱਲੀ ਵਿਚ 75ਵੇਂ ਜਨਮ ਦਿਨ 'ਤੇ ਵਧਾਈ ਦਿੰਦੇ ਹੋਏ

ਸਿਹਤ ਮੰਤਰੀ ਹਰਚਰਨ ਸਿੰਘ ਬਰਾੜ ਨਾਲ ਪੰਜਾਬ ਵਿਧਾਨ ਸਭਾ ਨੂੰ ਆਉਂਦੇ ਹੋਏ।

ਪੰਜਾਬ ਵਿਧਾਨ ਸਭਾ ਦੇ ਇਕ ਸੈਸ਼ਨ 'ਚ ਭਾਗ ਲੈਣ ਲਈ ਆਉਂਦੇ ਹੋਏ।

ਪੰਜਾਬ ਦੇ ਖੇਤੀਬਾੜੀ ਮੰਤਰੀ ਸ: ਦਿਲਬਾਗ ਸਿੰਘ ਨਾਲ।

ਇੰਗਲੈਂਡ ਤੋਂ ਆਏ ਵਿਦੇਸ਼ੀ ਮਹਿਮਾਨਾਂ ਨਾਲ।

ਹਰਿਆਣੇ ਦੇ ਮੁੱਖ ਮੰਤਰੀ ਸ੍ਰੀ ਭਜਨ ਲਾਲ ਨਾਲ।

ਪੰਜਾਬ ਦੇ ਪੁਲਿਸ ਮੁਖੀ ਸ੍ਰੀ ਕੇ.ਪੀ.ਐਸ. ਗਿੱਲ ਨਾਲ।

ਪੰਜਾਬ ਦੇ ਸਿਹਤ ਮੰਤਰੀ ਸ: ਹਰਚਰਨ ਸਿੰਘ ਬਰਾੜ ਨਾਲ।

ਪੰਜਾਬ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਲੁਧਿਆਣੇ 'ਚ ਇਕ ਰਾਜ ਪੱਧਰੀ ਸਮਾਗਮ ਦੌਰਾਨ।

ਬਰਸੀ 'ਤੇ ਵਿਸ਼ੇਸ਼

ਸੰਤ ਰਾਮ ਸਿੰਘ ਮਸਤਾਨਾ

ਸੰਤ ਬਾਬਾ ਰਾਮ ਸਿੰਘ ਜੀ ਮਸਤਾਨਾ ਢੱਕੀ ਹਿਬ ਖਾਸੀ ਕਲਾਂ ਵਾਲਿਆਂ ਦਾ ਜਨਮ ਸੰਨ 934 ਨੂੰ ਜਨਵਰੀ ਮਹੀਨੇ ਨਵਾਂ ਸ਼ਹਿਰ (ਜਲੰਧਰ) ਖੇ ਹੋਇਆ। ਉਹ ਬਚਪਨ ਤੋਂ ਪ੍ਰਮਾਤਮਾ ਦੀ ਗਤੀ ਵੱਲ ਲੱਗ ਗਏ। ਉਹ ਨਾਲ-ਨਾਲ ਦੁਨਿਆਵੀ ਮਾਂ ਵਿਚ ਵੀ ਲੱਗੇ ਰਹਿੰਦੇ ਅਤੇ ਸੁਖਮਨੀ ਸਾਹਿਬ ਾ ਪਾਠ ਵੀ ਕਰਦੇ ਰਹਿੰਦੇ। 1961 ਵਿਚ ਉਹ ਜ਼ਲ੍ਹਾ ਲੁਧਿਆਣਾ ਦੇ ਪਿੰਡ ਖਾਸੀ ਕਲਾਂ ਦੀ ਢੱਕੀ ਵਚ ਆ ਕੇ ਤਪੱਸਿਆ ਕਰਨ ਲੱਗੇ। ਬੁੱਢੇ ਦਰਿਆ ਦੇ ਦੱਖਣੀ ਕੰਢੇ ਦੇ ਨਾਲ-ਨਾਲ ਲੰਬੇ ਚੌੜੇ ਇਸ ਘਣੇ ਜੰਗਲ ਵਿਚ ਰਹਿ ਕੇ ਉਨ੍ਹਾਂ ਨੇ ਸਿਮਰਨ ਸ਼ੁਰੂ ਕਰ ਦਿੱਤਾ। ਇਥੇ ਉਨ੍ਹਾਂ ਪੀਰ ਹਾਜੀ ਸ਼ਾਹ ਦੇ ਮਜ਼ਾਰ ਨੇੜੇ ੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਨ ਲਈ ਅਸਥਾਨ ਣਾ ਲਿਆ ਅਤੇ ਗੁਰਬਾਣੀ ਦਾ ਪ੍ਰਚਾਰ ਕਰਨ ਲਈ ਗਤਾਂ ਨਾਲ ਸੰਪਰਕ ਕਰਨ ਲੱਗੇ। ਇਸ ਤਰ੍ਹਾਂ ਉਨ੍ਹਾਂ ਬਹੁਤ ਸਾਰੀ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ਉਹ ਉੱਚੀ ਆਵਾਜ਼ ਵਿਚ ਬਹੁਤ ਹੀ ਮਸਤੀ ਨਾਲ ਕੀਰਤਨ ਕਰਿਆ ਕਰਦੇ ਸਨ। ਇਸੇ ਲਈ ਉਹ ਸੰਤ ਮਸਤਾਨਾ ਜੀ ਨਾਲ ਪ੍ਰਸਿੱਧ ਹੋਏ। ਉਹ ਲਗਾਤਾਰ ਬਾਈ, ਬਾਈ ਘੰਟੇ ਵੀ ਕੀਰਤਨ ਕਰਦੇ ਰਹਿੰਦੇ ਸਨ ਅਤੇ ਸੰਗਤਾਂ ਨੂੰ ਸਤਿਨਾਮ ਵਾਹਿਗੁਰੂ ਦਾ ਜਾਪ ਜਪਾਉਂਦੇ ਰਹਿੰਦੇ ਸਨ। ਬਹੁਤ ਸਾਰੇ ਸੇਵਕਾਂ ਨੂੰ ਉਹ ਅਕਸਰ ਬਚਨ ਕਰਿਆ ਕਰਦੇ ਸਨ ਕਿ ਉਹ ਸੁਖਮਨੀ ਸਾਹਿਬ ਦਾ ਪਾਠ ਜ਼ਬਾਨੀ ਯਾਦ ਕਰਕੇ ਆਉਣ। ਇਸ ਸੰਸਾਰ ਵਿਚ ਭਾਵੇਂ 1961 ਤੱਕ ਹੀ ਰਹੇ ਭਾਵ 37 ਸਾਲ ਦੀ ਉਮਰ ਵਿਚ ਪਰਲੋਕ ਸਿਧਾਰ ਗਏ, ਪਰ ਇੰਨੇ ਥੋੜ੍ਹੇ ਸਮੇਂ ਵਿਚ ਉਨ੍ਹਾਂ ਸੰਗਤਾਂ ਦੀ ਸੇਵਾ ਅਤੇ ਸਿਮਰਨ ਲਈ ਬਹੁਤ ਘਾਲਣਾ ਘਾਲੀ। ਪਿੰਡ ਖਾਸੀ ਕਲਾਂ ਵਿਚ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਬਣਾਇਆ ਗਿਆ ਹੈ, ਜਿਥੇ ਹਰ ਵਰ੍ਹੇ ਦੀ ਤਰ੍ਹਾਂ ਇਸ ਵਾਰ 30 ਅਗਸਤ ਤੋਂ ਪਹਿਲੀ ਸਤੰਬਰ ਤੱਕ, ਉਨ੍ਹਾਂ ਦੀ ਬਰਸੀ ਮਨਾਈ ਜਾ ਰਹੀ ਹੈ।

-ਤੇਲੂ ਰਾਮ ਕੁਹਾੜਾ

ਖਾਣ 'ਚ ਧਮਾਕਾ-11 ਬੱਚੇ ਮਰੇ

ਸਪੇਨ, 31 ਅਗਸਤ-(ਏ. ਐਫ. ਪੀ.) ਉਤਰੀ ਸਪੇਨ ਵਿਚ ਮੀਐਰਸ ਵਿਖੇ ਇਕ ਕੋਲਾ ਖਾਣ ਵਿਚ ਅੱਜ ਹੋਏ ਧਮਾਕੇ ਕਾਰਨ ਗਿਆਰਾਂ ਬੱਚੇ ਮਾਰੇ ਗਏ। ਇਸੇ ਖਾਣ 'ਚ 15 ਹੋਰ ਆਦਮੀ ਵੀ ਕੰਮ ਕਰ ਰਹੇ ਸਨ ਜਦੋਂ ਇਹ ਧਮਾਕਾ ਹੋਇਆ।

ਸ੍ਰੀਲੰਕਾ 'ਚ 70 ਲੱਖ ਰੁਪਏ ਮੁੱਲ ਦੀ ਹੈਰੋਇਨ ਫੜੀ

ਕੋਲੰਬੋ, 31 ਅਗਸਤ-(ਪੀ. ਟੀ. ਆਈ.) ਸ੍ਰੀਲੰਕਾ ਦੀ ਨਸ਼ਾ ਵਿਰੋਧੀ ਬਿਊਰੋ ਨੇ ਇਕ ਤਾਮਿਲ ਨੌਜਵਾਨ ਕੋਲੋਂ ਕੋਈ 70 ਲੱਖ ਰੁਪਏ ਮੁੱਲ ਦੀ ਹੈਰੋਇਨ ਫੜੀ ਹੈ। ਇਹ ਹੈਰੋਇਨ ਦੱਖਣੀ ਭਾਰਤ ਤੋਂ ਲਿਆਂਦੀ ਦੱਸੀ ਜਾਂਦੀ ਹੈ। ਪੁਲਿਸ ਅਨੁਸਾਰ ਉਕਤ ਨੌਜਵਾਨ ਦੇ ਲਿਟੇ ਬਾਗੀਆਂ ਨਾਲ ਸਬੰਧ ਹੋ ਸਕਦੇ ਹਨ ਕਿਉਂਕਿ ਲਿਟੇ ਮੈਂਬਰਾਂ ਵੱਲੋਂ ਇਸ ਤਰ੍ਹਾਂ ਦੀਆਂ ਕਾਰਵਾਈਆਂ ਅਕਸਰ ਕੀਤੀਆਂ ਜਾਂਦੀਆਂ ਹਨ। ਇਹ ਵੀ ਦੱਸਿਆ ਗਿਆ ਹੈ ਕਿ ਸ੍ਰੀਲੰਕਾ 'ਚ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਲਈ ਛੋਟੀਆਂ ਕਿਸ਼ਤੀਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਕਾਂਗਰਸ ਵਰਕਿੰਗ ਕਮੇਟੀ ਦਾ ਪੁਨਰਗਠਨ ਨਹੀਂ-ਗਾਡਗਿਲ

ਨਵੀਂ ਦਿੱਲੀ, 31 ਅਗਸਤ-(ਯੂ. ਐਨ. ਆਈ.) ਕਾਂਗਰਸ (ਆਈ) ਦੇ ਤਰਜਮਾਨ ਵੀ. ਐਨ. ਗਾਡਗਿਲ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸ ਵਰਕਿੰਗ ਕਮੇਟੀ ਦੀ ਪੁਨਰ ਸਿਰਜਣਾ ਨੂੰ ਰੱਦ ਕੀਤਾ ਹੈ।

ਦਫ਼ਤਰ ਸੁਪਰਿੰਟੈਂਡਿੰਗ ਇੰਜੀਨੀਅਰ (ਓ ਐਂਡ ਐਮ)

ਨਗਰ ਨਿਗਮ, ਲੁਧਿਆਣਾ

ਥੋੜ੍ਹੇ ਸਮੇਂ ਦਾ ਟੈਂਡਰ ਨੋਟਿਸ

ਹੇਠ ਦੱਸੀ ਮਸ਼ੀਨਰੀ ਲਈ ਮੋਹਰਬੰਦ ਟੈਂਡਰ ਸ਼ਰਤਾਂ ਵਿਚ ਦੱਸੇ ਗਏ ਅਨੁਸਾਰ ਨਿਰਮਾਣਕਾਰਾਂ/ਠੇਕੇਦਾਰਾਂ ਕੋਲੋਂ ਮੰਗੇ ਜਾਂਦੇ ਹਨ ਜੋ ਨਿਮਨਹਸਤਾਖਰੀ ਦੇ ਦਫਤਰ ਵਿਚ 6.9.95 ਨੂੰ ਪਹੁੰਚ ਜਾਣ। ਟੈਂਡਰ ਫਾਰਮ ਨਿਮਨਹਸਤਾਖਰੀ ਦੇ ਦਫਤਰ ਵਿਚੋਂ 30/- ਰੁਪਏ ਪ੍ਰਤੀ ਫਾਰਮ ਨਕਦ ਦੇਣ ਉੱਪਰ ਉਪਲਬਧ ਹਨ। ਹਰੇਕ ਟੈਂਡਰ ਦੇ ਨਾਲ ਹੇਠ ਦੱਸੀ ਗਈ ਰਕਮ ਬਿਆਨਾ ਸੁਪਰਿੰਟੈਂਡਿੰਗ ਇੰਜੀਨੀਅਰ (ਓ ਐਂਡ ਐਮ), ਐਮ.ਸੀ. ਲੁਧਿਆਣਾ ਦੇ ਹੱਕ ਵਿਚ ਕਿਸੇ ਸੂਚੀਬੱਧ ਬੈਂਕ ਦੀ ਡਿਪਾਜ਼ਿਟ ਐਟਕਾਲ ਰਸੀਦ ਦੀ ਸ਼ਕਲ ਵਿਚ ਭੇਜੀ ਜਾਵੇ। ਟੈਂਡਰ ਉਸੇ ਦਿਨ ਟੈਂਡਰਕਾਰਾਂ ਜਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧਾਂ ਦੀ ਹਾਜ਼ਰੀ ਵਿਚ ਖੋਲ੍ਹੇ ਜਾਣਗੇ, ਜੋ ਹਾਜ਼ਰ ਹੋਣਾ ਪਸੰਦ ਕਰਨਗੇ। ਟੈਂਡਰ 3.00 ਵਜੇ ਸ਼ਾਮ ਨੂੰ ਖੋਲ੍ਹੇ ਜਾਣਗੇ।

ਪੂਰੇ ਵੇਰਵੇ ਅਤੇ ਸਪੈਸੀਫਿਕੇਸ਼ਨਾਂ ਨਿਮਨਹਸਤਾਖਰੀ ਦੇ ਦਫਤਰ ਵਿਚੋਂ ਕਿਸੇ ਵੀ ਕੰਮ ਵਾਲੇ ਦਿਨ 9.00 ਵਜੇ ਤੋਂ 1.30 ਵਜੇ ਬਾਅਦ ਦੁਪਹਿਰ ਦਰਮਿਆਨ ਵੇਖੇ ਜਾ ਸਕਦੇ ਹਨ।

ਟੈਂਡਰ ਫਾਰਮ 9.00 ਵਜੇ ਸਵੇਰ ਤੋਂ 1.30 ਵਜੇ ਬਾਅਦ ਦੁਪਹਿਰ ਦਰਮਿਆਨ ਜਾਰੀ ਕੀਤੇ ਜਾਣਗੇ।

ਲੜੀ ਨੰ:	ਵੇਰਵਾ	ਅੰਦਾਜ਼ਨ ਲਾਗਤ	ਰਕਮ ਬਿਆਨਾ	ਸਮੇਂ ਦੀ ਹੱਦ
1.	ਮੁਹੱਈਆ ਕਰਨਾ ਅਤੇ ਲਗਾਉਣਾ 5000 ਲਿਟਰ ਸਮੱਰਥਾ ਦਾ ਐਲ ਡੀ ਪੀ ਟੈਂਕ ਟੈਂਕ ਦੀ 10 ਅਦਦ ਬੈਟਰੀ ਸਹਿਤ 1¼ (32 ਐਮ ਐਮ) ਸਹਿਤ ਬੀ ਸ੍ਰੇਣੀ ਜੀ ਆਈ. ਪਾਈਪ ਪੰਚ ਪਲੇਟਫਾਰਮ ਉੱਪਰ ਫਰਨਿੰਗ ਅਤੇ ਐਨ ਆਈ ਟੀ ਅਨੁਸਾਰ ਮੁਕੰਮਲ।	ਨਿਰਖ ਫਰਮ ਵੱਲੋਂ ਕੋਟ ਕੀਤੇ ਜਾਣਗੇ	ਕੋਟ ਕੀਤੇ ਗਏ ਨਿਰਖਾਂ ਦਾ 5%	ਦੋ ਮਹੀਨੇ
	(ਏ-1) ਗਰੁੱਪ —ਉਹੀ— 5 ਅਦਦ	"	"	
	(ਬੀ-2) ਗਰੁੱਪ —ਉਹੀ— 5 ਅਦਦ	"	"	
	(ਸੀ-3) ਗਰੁੱਪ —ਉਹੀ— 4 ਅਦਦ	"	"	
	(ਡੀ-4) ਗਰੁੱਪ —ਉਹੀ— 6 ਅਦਦ	"	"	
	(ਈ-5) ਗਰੁੱਪ —ਉਹੀ— 5 ਅਦਦ	"	"	
	(ਐਫ-6) ਗਰੁੱਪ —ਉਹੀ— 5 ਅਦਦ	"	"	

ਨਿਯਮ ਅਤੇ ਸ਼ਰਤਾਂ :-

1. ਰਕਮ ਬਿਆਨਾ ਤੋਂ ਬਿਨਾਂ ਟੈਂਡਰ ਨਾ ਕਾਰਆਮਦ ਸਮਝੇ ਜਾਣਗੇ।
2. ਕੋਈ ਵੀ ਜਾਂ ਸਾਰੇ ਹੀ ਟੈਂਡਰ ਬਿਨਾਂ ਕੋਈ ਕਾਰਨ ਦੱਸਿਆਂ ਰੱਦ ਕੀਤੇ ਜਾ ਸਕਦੇ ਹਨ।
3. ਮਾਤਰਾ ਬਿਨਾਂ ਕੋਈ ਕਾਰਨ ਦੱਸਿਆਂ ਵਧਾਈ ਜਾਂ ਘਟਾਈ ਜਾ ਸਕਦੀ ਹੈ।
4. ਸ਼ਰਤਾਂ ਵਾਲੇ/ਤਾਰ ਰਾਹੀਂ ਟੈਂਡਰ ਰੱਦ ਕੀਤੇ ਜਾਣ ਯੋਗ ਹਨ।
5. ਜੇਕਰ ਉਪਰੋਕਤ ਤਾਰੀਖ ਨੂੰ ਅਚਾਨਕ ਛੁੱਟੀ ਦਾ ਐਲਾਨ ਕਰ ਦਿੱਤਾ ਜਾਵੇਗਾ ਤਾਂ ਟੈਂਡਰ ਅਗਲੇ ਕੰਮ ਵਾਲੇ ਦਿਨ ਲਏ ਜਾਣਗੇ।
6. ਟੈਂਡਰ 90 ਦਿਨਾਂ ਲਈ ਕਾਰਆਮਦ ਰਹਿਣਗੇ।
7. ਟੈਂਡਰ ਉੱਪਰ ਕਟਿੰਗ/ਓਵਰ-ਰਾਈਟਿੰਗ ਰੱਦ ਕੀਤੇ ਜਾਣ ਯੋਗ ਹੋਵੇਗੀ।
8. ਕੇਵਲ ਨਿਗਮ [illegible] ਠੇਕੇਦਾਰ ਹੀ ਕੰਮ ਲਈ ਟੈਂਡਰ ਦੇ ਸਕਦੇ ਹਨ।
9. ਟੈਂਡਰਕਾਰ ਆਪਣੀ ਪੇਸ਼ਕਸ਼ ਅਜਿਹੇ ਤਰੀਕੇ ਨਾਲ ਕੋਟ ਕਰਨ ਜੋ ਐਨ ਆਈ ਟੀ ਸਪੈਸੀਫਿਕੇਸ਼ਨਾਂ ਅਨੁਸਾਰ ਹੋਵੇ, ਬਦਲਵੀਂ ਪੇਸ਼ਕਸ਼ ਵਿਚਾਰ ਨਹੀਂ ਕੀਤੀ ਜਾਵੇਗੀ।

ਸਹੀ/-
ਸੁਪਰਿੰਟੈਂਡਿੰਗ ਇੰਜੀਨੀਅਰ (ਓ ਐਂਡ ਐਮ),
ਨਗਰ ਨਿਗਮ, ਲੁਧਿਆਣਾ।

ਦਫ਼ਤਰ ਸੁਪਰਿੰਟੈਂਡਿੰਗ ਇੰਜੀਨੀਅਰ (ਓ ਐਂਡ ਐਮ)

ਨਗਰ ਨਿਗਮ, ਲੁਧਿਆਣਾ

ਥੋੜ੍ਹੇ ਸਮੇਂ ਦਾ ਟੈਂਡਰ ਨੋਟਿਸ

ਹੇਠ ਦੱਸੀ ਮਸ਼ੀਨਰੀ/ਕੰਮ ਲਈ ਮੋਹਰਬੰਦ ਟੈਂਡਰ ਸ਼ਰਤਾਂ ਵਿਚ ਦੱਸੇ ਗਏ ਅਨੁਸਾਰ ਨਿਰਮਾਣਕਾਰਾਂ/ਠੇਕੇਦਾਰਾਂ ਕੋਲੋਂ ਮੰਗੇ ਜਾਂਦੇ ਹਨ ਜੋ ਨਿਮਨਹਸਤਾਖਰੀ ਦੇ ਦਫਤਰ ਵਿਚ 6.9.95 ਨੂੰ ਪਹੁੰਚ ਜਾਣ। ਟੈਂਡਰ ਫਾਰਮ ਨਿਮਨਹਸਤਾਖਰੀ ਦੇ ਦਫਤਰ ਵਿਚੋਂ 30/- ਰੁਪਏ ਪ੍ਰਤੀ ਫਾਰਮ ਨਕਦ ਦੇਣ ਉੱਪਰ ਉਪਲਬਧ ਹਨ। ਹਰੇਕ ਟੈਂਡਰ ਦੇ ਨਾਲ ਹੇਠ ਦੱਸੀ ਗਈ ਰਕਮ ਬਿਆਨਾ ਸੁਪਰਿੰਟੈਂਡਿੰਗ ਇੰਜੀਨੀਅਰ (ਓ ਐਂਡ ਐਮ), ਐਮ.ਸੀ., ਲੁਧਿਆਣਾ ਦੇ ਹੱਕ ਵਿਚ ਕਿਸੇ ਸੂਚੀਬੱਧ ਬੈਂਕ ਦੀ ਡਿਪਾਜ਼ਿਟ ਐਟਕਾਲ ਰਸੀਦ ਦੀ ਸ਼ਕਲ ਵਿਚ ਭੇਜੀ ਜਾਵੇ। ਟੈਂਡਰ ਉਸੇ ਦਿਨ ਟੈਂਡਰਕਾਰਾਂ ਜਾਂ ਉਨ੍ਹਾਂ ਦੇ ਅਧਿਕਾਰਤ ਏਜੰਟਾਂ ਦੀ ਹਾਜ਼ਰੀ ਵਿਚ ਖੋਲ੍ਹੇ ਜਾਣਗੇ, ਜੋ ਹਾਜ਼ਰ ਹੋਣਾ ਪਸੰਦ ਕਰਨਗੇ। ਟੈਂਡਰ 3.00 ਵਜੇ ਸ਼ਾਮ ਨੂੰ ਖੋਲ੍ਹੇ ਜਾਣਗੇ।

ਪੂਰੇ ਵੇਰਵੇ ਅਤੇ ਸਪੈਸੀਫਿਕੇਸ਼ਨਾਂ, ਨਿਮਨ-ਹਸਤਾਖਰੀ ਦੇ ਦਫਤਰ ਵਿਚੋਂ ਕਿਸੇ ਵੀ ਕੰਮ ਵਾਲੇ ਦਿਨ 9.00 ਵਜੇ ਸਵੇਰ ਤੋਂ 1.30 ਵਜੇ ਬਾਅਦ ਦੁਪਹਿਰ ਦਰਮਿਆਨ ਵੇਖੇ ਜਾ ਸਕਦੇ ਹਨ।

ਟੈਂਡਰ ਫਾਰਮ 9.00 ਵਜੇ ਸਵੇਰ ਤੋਂ 1.30 ਵਜੇ ਬਾਅਦ ਦੁਪਹਿਰ ਦਰਮਿਆਨ ਜਾਰੀ ਕੀਤੇ ਜਾਣਗੇ।

ਲੜੀ ਨੰ:	ਵੇਰਵਾ	ਅੰਦਾਜ਼ਨ ਲਾਗਤ	ਰਕਮ ਬਿਆਨਾ	ਸਮੇਂ ਦੀ ਹੱਦ
1.	ਮੁਹੱਈਆ ਕਰਨਾ ਲਗਾਉਣਾ ਅਤੇ ਚਾਲੂ ਕਰਨਾ ਅੰਦਾਜ਼ਨ 200' ਡੂੰਘਾ ਟਿਊਬਵੈੱਲ 5 ਐਚ ਪੀ ਸਬ ਮਰਸੀਬਲ ਪੰਪਿੰਗ ਸੈੱਟ ਸਹਿਤ ਹਰ ਤਰ੍ਹਾਂ ਮੁਕੰਮਲ ਲੁਧਿਆਣੇ ਦੀਆਂ ਵੱਖ-ਵੱਖ ਬਸਤੀਆਂ ਵਿਚ।			
	(ਏ) ਗਰੁੱਪ —ਉਹੀ— 5 ਅਦਦ	ਨਿਰਖ ਫਰਮ ਵੱਲੋਂ ਕੋਟ ਕੀਤਾ ਜਾਵੇਗਾ	ਕੋਟ ਕੀਤੇ ਨਿਰਖਾਂ ਦਾ 5%	ਦੋ ਮਹੀਨੇ
	(ਬੀ) ਗਰੁੱਪ —ਉਹੀ— 5 ਅਦਦ			
	(ਸੀ) ਗਰੁੱਪ —ਉਹੀ— 4 ਅਦਦ			
	(ਡੀ) ਗਰੁੱਪ —ਉਹੀ— 6 ਅਦਦ			
	(ਈ) ਗਰੁੱਪ —ਉਹੀ— 5 ਅਦਦ			
	(ਐਫ) ਗਰੁੱਪ —ਉਹੀ— 5 ਅਦਦ			

ਨਿਯਮ ਅਤੇ ਸ਼ਰਤਾਂ :-

1. ਰਕਮ ਬਿਆਨਾ ਤੋਂ ਬਿਨਾਂ ਟੈਂਡਰ ਨਾਕਾਰਆਮਦ ਸਮਝੇ ਜਾਣਗੇ।
2. ਕੋਈ ਵੀ ਜਾਂ ਸਾਰੇ ਹੀ ਟੈਂਡਰ ਬਿਨਾਂ ਕੋਈ ਕਾਰਨ ਦੱਸਿਆਂ ਰੱਦ ਕੀਤੇ ਜਾ ਸਕਦੇ ਹਨ।
3. ਮਾਤਰਾ ਬਿਨਾਂ ਕੋਈ ਕਾਰਨ ਦੱਸਿਆਂ ਵਧਾਈ ਜਾਂ ਘਟਾਈ ਜਾ ਸਕਦੀ ਹੈ।
4. ਸ਼ਰਤਾਂ ਵਾਲੇ/ਤਾਰ ਰਾਹੀਂ ਟੈਂਡਰ ਰੱਦ ਕੀਤੇ ਜਾਣ ਯੋਗ ਹਨ।
5. ਜੇਕਰ ਉਪਰੋਕਤ ਤਾਰੀਖ ਨੂੰ ਅਚਾਨਕ ਛੁੱਟੀ ਦਾ ਐਲਾਨ ਕਰ ਦਿੱਤਾ ਜਾਵੇਗਾ ਤਾਂ ਟੈਂਡਰ ਅਗਲੇ ਕੰਮ ਵਾਲੇ ਦਿਨ ਲਏ ਜਾਣਗੇ।
6. ਟੈਂਡਰ 90 ਦਿਨਾਂ ਲਈ ਕਾਰਆਮਦ ਰਹਿਣਗੇ।
7. ਟੈਂਡਰਾਂ ਉੱਪਰ ਕਟਿੰਗ/ਓਵਰ-ਰਾਈਟਿੰਗ ਰੱਦ ਕੀਤੇ ਜਾਣ ਯੋਗ ਹੋਵੇਗੀ।
8. ਕੇਵਲ ਪ੍ਰਸਿੱਧ ਟਿਊਬਵੈੱਲ ਬੋਰਿੰਗ ਕੰਪਨੀਆਂ ਹੀ ਟੈਂਡਰ ਦੇ ਸਕਦੀਆਂ ਹਨ।
9. ਟੈਂਡਰਕਾਰ ਆਪਣੀ ਪੇਸ਼ਕਸ਼ ਅਜਿਹੇ ਤਰੀਕੇ ਨਾਲ ਕੋਟ ਕਰਨ ਜੋ ਐਨ ਆਈ ਟੀ ਸਪੈਸੀਫਿਕੇਸ਼ਨਾਂ ਅਨੁਸਾਰ ਹੋਵੇ, ਬਦਲਵੀਂ ਪੇਸ਼ਕਸ਼ ਵਿਚਾਰ ਨਹੀਂ ਕੀਤੀ ਜਾਵੇਗੀ।

ਸਹੀ/- ਸੁਪਰਿੰਟੈਂਡਿੰਗ ਇੰਜੀਨੀਅਰ (ਓ ਐਂਡ ਐਮ),
ਨਗਰ ਨਿਗਮ, ਲੁਧਿਆਣਾ।

ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ

ਹੁਸ਼ਿਆਰਪੁਰ

ਸ਼ਨਾਖਤੀ ਕਾਰਡ ਬਣਾਓ *ਵੋਟਾਂ ਦਾ ਅਧਿਕਾਰ ਪਾਓ*

ਆਮ ਜਨਤਾ ਲਈ ਸੂਚਨਾ

ਇਸ ਜ਼ਿਲ੍ਹੇ ਦੇ 9 ਵਿਧਾਨ ਸਭਾ ਚੋਣ ਹਲਕਿਆਂ ਦੇ ਸਾਰੇ ਵੋਟਰਾਂ ਨੂੰ ਫੋਟੋਆਂ ਵਾਲੇ ਸ਼ਨਾਖਤੀ ਕਾਰਡ ਜਾਰੀ ਕਰਨ ਬਾਰੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੂਸਰੇ ਗੇੜ ਦੀ ਫੋਟੋਗ੍ਰਾਫੀ ਦਾ ਕੰਮ ਮਿਤੀ 21.8.95 ਤੋਂ 7.9.95 ਤੱਕ ਮੁਕੰਮਲ ਕੀਤਾ ਜਾਵੇਗਾ। ਪੰਚਾਇਤਾਂ, ਨਗਰ ਪਾਲਿਕਾਵਾਂ, ਵਿਧਾਨ ਸਭਾ/ਲੋਕ ਸਭਾ ਦੀਆਂ ਚੋਣਾਂ ਵਿਚ ਵੀ ਵੋਟ ਦੇ ਅਧਿਕਾਰ ਦੇ ਪ੍ਰਯੋਗ ਲਈ ਸ਼ਨਾਖਤੀ ਕਾਰਡ ਦਾ ਹੋਣਾ ਜ਼ਰੂਰੀ ਹੋਵੇਗਾ। ਸਾਰੇ ਵੋਟਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਜਿਸ ਪਿੰਡ ਦਾ ਵੋਟਰ ਜਿਸ ਥਾਂ 'ਤੇ ਵੋਟ ਪਾਉਂਦਾ ਹੈ ਉਥੇ ਹੀ ਕਾਰਡਾਂ ਦੇ ਦੂਸਰੇ ਗੇੜ ਦੀ ਫੋਟੋਗ੍ਰਾਫੀ ਹੋਵੇਗੀ। ਫੋਟੋਗ੍ਰਾਫੀ ਸਵੇਰੇ 8 ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਹੋਵੇਗੀ। ਵੇਰਵੇ ਸਹਿਤ ਪ੍ਰੋਗਰਾਮ ਜ਼ਿਲ੍ਹਾ ਚੋਣ ਅਫ਼ਸਰ, ਦਫਤਰ ਸੰਬੰਧਿਤ ਚੋਣਕਾਰ ਰਜਿਸਟਰੇਸ਼ਨ ਅਫਸਰਾਂ/ਕਾਰਜ ਸਾਧਕ ਅਫਸਰਾਂ, ਨਗਰ ਕੌਂਸਿਲਾਂ, ਪਟਵਾਰੀਆਂ ਕੋਲ ਵੀ ਉਪਲਬਧ ਹੈ।

50-ਗੜ੍ਹਦੀਵਾਲਾ ਵਿਧਾਨ ਸਭਾ ਚੋਣ ਹਲਕਾ ਦੇ ਦੂਸਰੇ ਗੇੜ ਦੀ ਫੋਟੋਗ੍ਰਾਫੀ ਮਿਤੀ 2.9.95 ਤੋਂ 3.9.95 ਨੂੰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗੀ।

ਫੋਟੋ ਖਿੱਚਣ ਦੀ ਮਿਤੀ	ਪੋਲਿੰਗ ਸਟੇਸ਼ਨ ਨੰ:
2.9.95	1, 2, 6, 7, 10, 11, 14, 18, 19, 22, 23, 24, 26, 27, 28, 32, 35, 37, 38, 40, 41, 45, 49, 52, 54, 55, 57, 58, 62, 65, 67, 68, 69, 70, 73, 74, 77, 79, 80, 83, 84, 87, 88, 91, 92, 93, 97, 98, 99, 103, 104, 105, 108, 109, 112, 114, 117, 119, 120, 123, 124, 126, 127, 131, 132, 136, 137, 140, 141, 143, 145, 146.
3.9.95	3, 4, 5, 8, 9, 12, 13, 15, 16, 17, 20, 21, 25, 29, 30, 31, 33, 34, 36, 39, 42, 43, 44, 46, 47, 48, 50, 51, 53, 56, 59, 60, 61, 63, 64, 67, 71, 72, 75, 76, 78, 81, 82, 85, 86, 89, 90, 93, 94, 95, 100, 101, 102, 106, 107, 110, 111, 113, 115, 116, 118, 121, 122, 125, 128, 129, 130, 133, 134, 135, 138, 139, 142, 144, 147, 148.

51-ਦਸੂਹਾ ਵਿਧਾਨ ਸਭਾ ਚੋਣ ਹਲਕਾ 4.9.95 ਤੋਂ 5.9.95

4. 9. 95	1, 2, 3, 4, 7, 8, 11, 12, 16, 17, 20, 21, 24, 25, 28, 29, 30, 34, 35, 36, 39, 40, 43, 44, 46, 47, 49, 50, 53, 56, 57, 59, 60, 63, 64, 66, 68, 69, 71, 74, 77, 78, 81, 82, 84, 85, 86, 87, 89, 90, 91, 92, 94, 95, 98, 101, 102, 104, 107, 108, 110, 113, 117, 118, 121, 122, 125, 129, 130, 132, 133, 137, 138, 141, 142, 145, 147, 148.
5.9.95	5, 6, ,9, 10, 13, 14, 15, 18, 19, 22, 23, 26, 27, 31, 32, 33, 37, 38, 41, 42, 45, 48, 51, 52, 54, 55, 58, 61, 62, 65, 67, 70, 72, 73, 75, 76, 79, 80, 83, 88, 93, 96, 97, 99, 100, 103, 105, 106, 109, 111, 112, 114, 115, 116, 119, 120, 123, 124, 126, 127, 128, 131, 134, 135, 136, 139, 140, 143, 144, 146, 149.

ਸਹੀ/-
ਜ਼ਿਲ੍ਹਾ ਚੋਣ ਅਫਸਰ,
ਹੁਸ਼ਿਆਰਪੁਰ।

(P) 079.545
AJI-N5.9
(P) M236, N85
N5.9
N0605
12-12-97

ਜੈ ਭੀਮ ਜੈ ਭਾਰਤ
ਅੰਮ੍ਰਿਤਸਰ ਪੁੱਜੋ
ਸ੍ਰੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਵਿਚਾਰ ਸੁਣਨ ਲਈ 5 ਸਤੰਬਰ ਨੂੰ ਸਵੇਰੇ 10 ਵਜੇ ਗੁਰੂ ਨਾਨਕ ਸਟੇਡੀਅਮ ਅੰਮ੍ਰਿਤਸਰ ਪੁੱਜੋ
ਨਿਵੇਦਕ:-ਗੁਰਮੁਖ ਸਿੰਘ ਬੱਬਰ ਸੀਨੀ: ਮੀਤ ਪ੍ਰਧਾਨ ਬਸਪਾ ਅੰਮ੍ਰਿਤਸਰ
ਗੁਰਮੁੱਖ ਸਿੰਘ ਬੱਬਰ

ਰਜਿ: ਨੰ: ਪੀ.ਬੀ./ਜੇ.ਐੱਲ. 308

ਅੱਜ ਦੀ ਆਵਾਜ਼

ਪ੍ਰਬੰਧਕੀ ਸੰਪਾਦਕ : ਗੁਰਦੀਪ ਸਿੰਘ
16 ਭਾਦੋਂ, ਨਾਨਕਸ਼ਾਹੀ ਸੰਮਤ 526, ਫੋਨ : 225427,232707 ਫੈਕਸ : 225227
ਜਲੰਧਰ, ਸ਼ੁੱਕਰਵਾਰ 1 ਸਤੰਬਰ 1995, ਸਾਲ 11, ਅੰਕ 141, ਮੁੱਲ 2 ਰੁਪਏ

ਬੇ-ਔਲਾਦ ਮਿਲੋ
ਮਾਹਿਰ Sex, Urine, Skin, V.D. ਪਥਰੀ, ਹਰਨੀਆਂ, ਬਵਾਸੀਰ, ਨੱਕ, ਕੰਨ, ਗਲੇ ਦਾ ਬਿਨਾਂ ਆਪਰੇਸ਼ਨ ਪੱਕਾ ਇਲਾਜ। ਜਲੰਧਰ : ਹਰ ਰੋਜ਼ ਸਾਹਮਣੇ ਬੱਸ ਅੱਡਾ। ਲੁਧਿਆਣਾ : ਹਰ ਵੀਰਵਾਰ, ਸ਼ੁੱਕਰਵਾਰ ਕੈਂਪ ਕੋਲਾ ਚੌਕ, ਚੁਬਾਰੇ ਉੱਪਰ। ਖੰਨਾ : ਹਰ ਸ਼ੁੱਕਰਵਾਰ ਹੋਟਲ ਕਿੰਗ, ਗੁਰੂ ਅਮਰਦਾਸ ਮਾਰਕੀਟ।
ਡਾ: ਵਰਿਆਮ ਸਿੰਘ ਰਾਜਪੂਤ
World Famous
ਨੋਟ : ਜਲੰਧਰ, ਲੁਧਿਆਣਾ, ਫਗਵਾੜਾ ਦਵਾਈ ਹਰ ਰੋਜ਼ ਮਿਲਦੀ ਹੈ।
ਡਾ: ਵਰਿਆਮ ਸਿੰਘ ਰਾਜਪੂਤ
ਸਾਹਮਣੇ ਬੱਸ ਅੱਡਾ ਜਲੰਧਰ। ਫੋਨ : 235831

ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਬੰਬ ਧਮਾਕੇ 'ਚ ਹੱਤਿਆ

ਸੁਖਬੀਰ ਸਿੰਘ ਓਸਨ,
ਪੰਜਾਬੀ ਮੀਡੀਆ

ਚੰਡੀਗੜ੍ਹ, 31 ਅਗਸਤ- ਅੱਜ ਸ਼ਾਮ ਮੁੱਖ ਮੰਤਰੀ ਸ. ਬੇਅੰਤ ਸਿੰਘ ਪੰਜਾਬ ਹਰਿਆਣਾ ਸਿਵਲ ਸਕੱਤਰੇਤ ਦੇ ਬਾਹਰ ਹੋਏ ਜ਼ਬਰਦਸਤ ਬੰਬ ਧਮਾਕੇ ਵਿੱਚ ਆਪਣੇ ਤਿੰਨ ਬਲੈਕ ਕੈਟਸ ਕਮਾਂਡੋਸ ਸਮੇਤ ਮਾਰੇ ਗਏ। ਇਸ ਹੌਲਨਾਕ ਵਾਰਦਾਤ ਵਿੱਚ 6 ਹੋਰ ਸੁਰੱਖਿਆ ਜਵਾਨਾਂ ਅਤੇ ਸਿਵਲ ਸਕੱਤਰੇਤ ਦੇ 6 ਮੁਲਾਜ਼ਮਾਂ ਦੇ ਵੀ ਮਾਰੇ ਜਾਣ ਦੀ ਇਤਲਾਹ ਹੈ। ਧਮਾਕਾ ਏਨਾ ਜਬਰਦਸਤ ਦੱਸਿਆ ਜਾਂਦਾ ਹੈ ਕਿ ਉਸਦੀ ਆਵਾਜ਼ 5 ਕਿਲੋਮੀਟਰ ਤੱਕ ਦੇ ਘੇਰੇ ਅੰਦਰ ਸੁਣਾਈ ਦਿੱਤੀ। ਧਮਾਕਾ ਉਸ ਵੇਲੇ ਹੋਇਆ ਜਦੋਂ ਮੁੱਖ ਮੰਤਰੀ ਦੀ ਕਾਰ ਉਨ੍ਹਾਂ ਨੂੰ ਬਿਠਾ ਕੇ ਸਕੱਤਰੇਤ ਦੇ ਵੀ.ਆਈ.ਪੀ. ਦਰਵਾਜ਼ੇ ਤੋਂ ਤੁਰਨ ਹੀ ਲੱਗੀ ਸੀ।

ਪੰਜਾਬ ਪੁਲਿਸ ਮੁਖੀ ਸ੍ਰੀ ਕੇ.ਪੀ.ਐੱਸ ਗਿੱਲ ਨੇ ਇਸ ਬੰਬ ਧਮਾਕੇ ਪਿੱਛੇ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਹੱਥ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਹੈ। ਇਸੇ ਦੌਰਾਨ ਅੱਜ ਸਿੰਚਾਈ ਮੰਤਰੀ ਸ. ਹਰਚਰਨ ਸਿੰਘ ਬਰਾੜ ਨੇ ਇੱਕ ਸਾਦਾ ਸਮਾਰੋਹ 'ਚ ਪੰਜਾਬ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ।

ਪ੍ਰਾਪਤ ਵੇਰਵੇ ਅਨੁਸਾਰ ਧਮਾਕਾ ਸ਼ਾਮ 5 ਵਜ ਕੇ 12 ਮਿੰਟ 'ਤੇ ਉਸ ਵੇਲੇ ਹੋਇਆ, ਜਦੋਂ ਮੁੱਖ ਮੰਤਰੀ ਸ. ਬੇਅੰਤ ਸਿੰਘ ਸਿਵਲ ਸਕੱਤਰੇਤ ਦੇ ਬਾਹਰ ਵੀ.ਆਈ.ਪੀ. ਲਾਂਜ ਸਾਹਮਣੇ ਖੜ੍ਹੀ ਆਪਣੀ ਸਫੈਦ ਐਂਬੈਸਡਰ ਕਾਰ ਨੰਬਰ ਪੀ.ਬੀ.-08-3469 'ਚ ਆਪਣੇ ਤਿੰਨ ਬਲੈਕ-ਕੈਟ ਕਮਾਂਡੋਜ਼ ਸਮੇਤ ਸਵਾਰ ਹੋ ਕੇ ਰਵਾਨਾ ਹੋਣ ਹੀ ਵਾਲੇ ਸਨ। ਧਮਾਕਾ ਕਿਸੇ ਸ਼ਕਤੀਸ਼ਾਲੀ ਰੀਮੋਟ ਕੰਟਰੋਲ ਨਾਲ ਕੀਤਾ ਗਿਆ ਦੱਸਿਆ ਜਾਂਦਾ ਹੈ।

ਉੱਚ ਸੁਰੱਖਿਆ ਵਾਲੇ ਇਸ ਖੇਤਰ ਵਿੱਚ ਮੁੱਖ ਮੰਤਰੀ ਦੀ ਕਾਰ ਲਾਗੇ ਖੜ੍ਹੀਆਂ ਦੋ ਹੋਰ ਸਫੈਦ ਐਸਕਾਰਟ ਕਾਰਾਂ ਨੰਬਰ ਪੀ.ਬੀ. 27-6514 ਅਤੇ ਪੀ.ਬੀ. 27-6516 ਦੇ ਧਮਾਕਾ ਹੁੰਦਿਆਂ ਹੀ ਪਰਖੱਚੇ ਉੱਡ ਗਏ। ਧਮਾਕੇ ਨਾਲ ਮੁੱਖ ਮੰਤਰੀ ਦੀ ਕਾਰ ਸਮੇਤ ਤਿੰਨ ਕਾਰਾਂ 'ਚੋਂ ਅੱਗ ਦੀਆਂ ਲਾਟਾਂ ਨਿਕਲਣ ਲੱਗੀਆਂ ਅਤੇ ਉਨ੍ਹਾਂ 'ਚ ਬੈਠੇ ਮੁੱਖ ਮੰਤਰੀ ਅਤੇ 9 ਸੁਰੱਖਿਆ ਜਵਾਨਾਂ ਦੀਆਂ ਲਾਸ਼ਾਂ ਦੇ ਚੀਥੜੇ ਉੱਡ ਗਏ। ਮਾਰੇ ਗਏ ਸੁਰੱਖਿਆ ਜਵਾਨਾਂ ਦੀ ਤੁਰੰਤ ਸ਼ਨਾਖਤ ਨਹੀਂ ਹੋ ਸਕੀ, ਕਿਉਂਕਿ ਉਨ੍ਹਾਂ ਦੀਆਂ ਲਾਸ਼ਾਂ ਬੁਰੀ ਤਰ੍ਹਾਂ ਸੜ ਗਈਆਂ ਸਨ ਅਤੇ ਚੇਹਰੇ ਕਾਲੇ ਪੈ ਗਏ ਸਨ।

ਧਮਾਕੇ ਨਾਲ ਸਿਵਲ ਸਕੱਤਰੇਤ ਇਮਾਰਤ ਦੀਆਂ ਬਹੁਤ ਸਾਰੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਅਤੇ ਕੰਧਾਂ ਨੂੰ ਨੁਕਸਾਨ ਪਹੁੰਚਿਆ। ਸਕੱਤਰੇਤ ਦਾ ਪ੍ਰਮੁੱਖ ਦਰਵਾਜ਼ਾ ਅਤੇ ਲਿਫਟ ਪੂਰੀ ਤਰ੍ਹਾਂ ਤਬਾਹ ਹੋ ਗਈ। ਪ੍ਰਭਾਵਿਤ ਇਲਾਕੇ ਦਾ ਦੌਰਾ ਕਰਨ 'ਤੇ ਕੁੱਝ ਵੀ ਪਛਾਣ ਵਿੱਚ ਨਹੀਂ ਆ ਰਿਹਾ ਸੀ ਤੇ ਚਾਰੇ ਪਾਸੇ ਧੂਆਂ ਹੀ ਧੂਆਂ ਸੀ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਕਾਰਾਂ ਨੂੰ ਲੱਗੀ ਅੱਗ ਉਪਰ ਤੇਜ਼ ਵਾਛੜ ਨਾਲ ਪਾਣੀ ਸੁੱਟ ਰਹੀਆਂ ਸਨ।

ਜ਼ਖਮੀਆਂ 'ਚ ਵਿਧਾਇਕ ਵੀ ਸ਼ਾਮਲ- ਹਸਪਤਾਲ 'ਚ ਦਾਖਲ 20 ਜ਼ਖਮੀਆਂ ਵਿੱਚ ਵਿਧਾਇਕ ਬਲਦੇਵ ਸਿੰਘ ਵੀ ਸ਼ਾਮਲ ਹੈ, ਜਿਨ੍ਹਾਂ ਨੂੰ ਪੀ.ਜੀ.ਆਈ. 'ਚ ਦਾਖਲ ਕਰਾਇਆ ਗਿਆ ਹੈ।

ਹੋਰਨਾਂ ਜ਼ਖਮੀਆਂ ਨੂੰ ਸੈਕਟਰ-16 ਦੇ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ 'ਚੋਂ ਕੁੱਝ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਮ੍ਰਿਤਕਾਂ ਵਿੱਚ 3 ਕਮਾਂਡੋਜ਼, 6 ਪੁਲਿਸ ਮੁਲਾਜ਼ਮ, 2 ਹਰਿਆਣਾ ਸਰਕਾਰ ਦਫਤਰ ਦੇ ਗੇਟਮੈਨ ਅਤੇ 2 ਡਰਾਇਵਰ ਅਤੇ 2 ਹੋਰ ਮੁਲਾਜ਼ਮ ਸ਼ਾਮਲ ਦੱਸੇ ਜਾਂਦੇ ਹਨ।

:—ਚੰਡੀਗੜ੍ਹ.- ਬੰਬ ਧਮਾਕੇ ਦੀ ਵਾਰਦਾਤ ਦੇ ਤੁਰੰਤ ਬਾਅਦ ਪੰਜਾਬ ਪੁਲਸ ਮੁਖੀ ਸ੍ਰੀ ਕੇ.ਪੀ.ਐਸ ਗਿੱਲ ਨੇ ਇੱਕ ਪ੍ਰੈਸ ਕਾਨਫਰੰਸ 'ਚ ਇਸ ਧਮਾਕੇ 'ਚ ਪੰਜਾਬ ਦੀ ਚੋਟੀ ਦੀ ਖਾੜਕੂ ਜਥੇਬੰਦੀ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਹੱਥ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਸੂਬੇ ਵਿੱਚ ਕੇਵਲ ਇਹੋ ਖਾੜਕੂ ਜਥੇਬੰਦੀ ਹੀ ਸਰਗਰਮ ਹੈ।

ਉਨ੍ਹਾਂ ਕਿਹਾ ਕਿ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਧਮਾਕਾ ਰੀਮੋਟ ਕੰਟਰੋਲ ਨਾਲ ਕੀਤਾ ਗਿਆ ਹੈ ਜਾਂ ਟਾਈਮ ਬੰਬ ਨਾਲ। ਸ੍ਰੀ ਗਿੱਲ ਨੇ ਦਾਅਵਾ ਕਰਦਿਆਂ ਕਿਹਾ ਕਿ ਵੀ.ਆਈ.ਪੀ ਇਲਾਕੇ ਵਿੱਚ ਸੁਰੱਖਿਆ ਪ੍ਰਣਾਲੀ ਖਤਮ ਹੋਣ ਵਾਲੀ ਕੋਈ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਉਥੇ ਹਰ ਕਾਰ ਸੁਰੱਖਿਆ ਘੇਰੇ ਅੰਦਰ ਹੁੰਦੀ ਹੈ।

ਇੱਕ ਹੋਰ ਰਿਪੋਰਟ ਮੁਤਾਬਕ ਬੰਬ ਧਮਾਕੇ ਦੇ ਤੁਰੰਤ ਬਾਅਦ ਪੁਲਸ ਨੇ ਪੰਜਾਬ ਸਿਵਲ ਸਕੱਤਰੇਤ ਨੂੰ ਇੱਕ ਦਮ ਸੀਲ ਕਰ ਦਿੱਤਾ ਅਤੇ ਜਿਨ੍ਹਾਂ ਕਾਰਾਂ ਨੂੰ ਅੱਗ ਲੱਗੀ ਸੀ। ਉਨ੍ਹਾਂ ਨੂੰ ਬੁਝਾਉਣ ਲਈ ਫਾਇਰ ਬ੍ਰਿਗੇਡ ਤੁਰੰਤ ਬੁਲਾਈ।

ਬੰਬ ਧਮਾਕਾ ਇੰਨਾ ਸ਼ਕਤੀਸ਼ਾਲੀ ਸੀ ਕਿ ਵੀ.ਆਈ.ਪੀ.ਗੇਟ ਦੇ ਪੋਰਚ ਦੀ ਕੰਧ ਨੂੰ ਵੀ ਨੁਕਸਾਨ ਪੁੱਜਿਆ ਹੈ।

ਪੰਜਾਬ ਸਿਵਲ ਸਕੱਤਰੇਤ ਵਿੱਚ ਬੰਬ ਧਮਾਕਾ ਹੋਣ ਨਾਲ ਸੁਰੱਖਿਆ ਪ੍ਰਬੰਧਾਂ ਦੀ ਪੋਲ ਇਕਦਮ ਖੁੱਲ੍ਹ ਜਾਂਦੀ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਸੁਰੱਖਿਆ ਪ੍ਰਬੰਧ ਕਿੰਨੇ ਕੁ -ਫੂਲ ਪਰੂਫ ਸਨ।

ਸ: ਬੇਅੰਤ ਸਿੰਘ ਨੂੰ ਜ਼ੈਡ ਪਲੱਸ ਸਕਿਉਰਟੀ ਮੁਹੱਈਆ ਕੀਤੀ ਗਈ ਸੀ ਉਨ੍ਹਾਂ ਨੂੰ ਬਲੈਕ ਕੈਟ ਕਮਾਂਡੋਜ਼ ਵੀ ਦਿੱਤੇ ਹੋਏ ਸਨ।

ਅੱਖੀ ਦੇਖਣ ਵਾਲਿਆਂ ਅਨੁਸਾਰ ਬੰਬ ਧਮਾਕੇ ਵਿੱਚ ਸਿਵਲ ਸਕੱਤਰੇਤ ਦੇ ਅਹਾਤੇ ਵਿੱਚ ਇਕ ਦਮ ਭਗਦੜ ਮੱਚ ਗਈ ਸੀ ਕਿਉਂਕਿ ਉਥੇ ਛੁੱਟੀ ਦਾ ਵੇਲਾ ਹੋਣ ਕਾਰਨ ਮੁਲਾਜ਼ਮ ਬਾਹਰ ਖੜੇ ਸਨ। **7 ਦਿਨਾਂ ਦਾ ਸੋਗ :-** ਸ: ਬੇਅੰਤ ਸਿੰਘ ਦੇ ਇਸ ਬੰਬ ਧਮਾਕੇ ਵਿੱਚ ਮਾਰੇ ਜਾਣ ਦੇ ਸ਼ੋਕ ਵਜੋਂ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਸੱਤ ਦਿਨਾਂ ਦਾ ਸ਼ੋਕ ਰੱਖਣ ਦਾ ਫੈਸਲਾ ਕੀਤਾ ਹੈ।

ਸ: ਬੇਅੰਤ ਸਿੰਘ ਜੋ ਕਿ ਘੱਟ ਗਿਣਤੀ ਸਰਕਾਰ ਵਜੋਂ ਮੁੱਖ ਮੰਤਰੀ ਉਨ੍ਹਾਂ ਹਾਲਾਤਾਂ ਵਿੱਚ ਬਣੇ ਸਨ ਜਦ ਪੰਜਾਬ ਵਿੱਚ ਖਾੜਕੂ ਹਿੰਸਾ ਆਪਣੇ ਸਿਖਰ 'ਤੇ ਸੀ। ਇਨ੍ਹਾਂ ਦੇ ਰਾਜ ਦੌਰਾਨ ਪੰਜਾਬ ਵਿੱਚੋਂ ਖਾੜਕੂ ਹਿੰਸਾ ਦਾ ਸਫਾਇਆ ਤਾਂ ਹੋ ਗਿਆ ਸੀ ਪਰ ਪਿਛਲੇ ਕੁੱਝ ਦਿਨਾਂ ਤੋਂ ਅਜਿਹੀਆਂ ਖੁਫੀਆ ਰਿਪੋਰਟਾਂ ਮਿਲੀਆਂ ਸਨ ਕਿ ਪਾਕਿਸਤਾਨ ਦੀ ਆਈ.ਐੱਸ.ਆਈ. ਏਜੰਸੀ ਨੇ ਪੰਜਾਬ ਵਿੱਚ 5 ਹਜ਼ਾਰ ਟਰੇਂਡ ਖਾੜਕੂ ਭੇਜੇ ਹਨ ਜੋ ਰਾਜ ਵਿੱਚ ਖਾੜਕੂ ਹਿੰਸਾ ਨੂੰ ਹੋਰ ਤੇਜ਼ ਕਰਨਗੇ।

ਇਸ ਬਾਰੇ ਬਿਆਨ ਕੇਂਦਰੀ ਗ੍ਰਿਹ ਮੰਤਰੀ ਸ੍ਰੀ ਐੱਸ.ਬੀ.ਚਵਾਨ ਨੇ ਪਾਰਲੀਮੈਂਟ ਵਿੱਚ ਦਿੱਤਾ ਸੀ। ਪਿਛਲੇ ਇੱਕ ਹਫਤੇ ਦੌਰਾਨ ਖਾੜਕੂਆਂ ਦੇ ਪੰਜਾਬ ਵਿੱਚ ਮੁੜ ਸਿਰ ਚੁੱਕਣ ਦੇ ਸਮਾਚਾਰ ਮਿਲੇ ਸਨ ਜਿਵੇਂ ਕਿ ਐਤਵਾਰ ਨੂੰ ਲੁਧਿਆਣਾ ਵਿੱਚ ਇੱਕ ਬੰਬ ਫਟਿਆ ਜਿਸ 'ਚੋਂ ਬੇਅੰਤ ਸਿੰਘ ਵਾਲ-ਵਾਲ ਬਚੇ ਸਨ। ਜੋ ਦਿਨ ਮਗਰੋਂ ਸਰਹਿੰਦ ਨੇੜੇ ਕਿਸਾਨ ਮੇਲ ਦੇ ਲੀਹੋਂ ਲੱਥਣ ਦੀ ਸਾਬੋਤਾਜ ਦੀ ਘਟਨਾ ਵਾਪਰੀ ਸੀ ਜਿਸ ਨਾਲ ਦੋ ਵਿਅਕਤੀ ਮਾਰੇ ਗਏ ਸਨ।

ਰਾਸ਼ਟਰਪਤੀ, ਪ੍ਰਧਾਨ ਮੰਤਰੀ ਵੱਲੋਂ ਸ਼ੋਕ ਸੰਦੇਸ਼ :- ਨਵੀਂ ਦਿੱਲੀ ਤੋਂ ਪ੍ਰਾਪਤ ਇੱਕ ਖਬਰ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਡਾ: ਸ਼ੰਕਰ ਦਿਆਲ ਸ਼ਰਮਾ ਤੇ ਪ੍ਰਧਾਨ ਮੰਤਰੀ ਸ੍ਰੀ ਪੀ.ਵੀ. ਨਰਸਿੰਮਾ ਰਾਓ ਨੇ ਸ: ਬੇਅੰਤ ਸਿੰਘ ਦੀ ਮੌਤ ਉੱਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਉਨ੍ਹਾਂ ਨੇ ਆਪਣੇ ਵੱਖ-ਵੱਖਰੇ ਸੁਨੇਹਿਆਂ ਵਿੱਚ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ: ਬੇਅੰਤ ਸਿੰਘ ਸ਼ਾਂਤੀ ਦੇ ਮਸੀਹਾ ਸਨ, ਜਿਨ੍ਹਾਂ ਨੇ ਪੰਜਾਬ ਵਿੱਚੋਂ ਖਾੜਕੂਵਾਦ ਨੂੰ ਸਮਾਪਤ ਕਰ ਦਿੱਤਾ ਸੀ ਪਰ ਉਹ ਆਪ ਹੀ ਹਿੰਸਾ ਦਾ ਸ਼ਿਕਾਰ ਬਣ ਗਏ।

ਚਵਾਨ ਤੇ ਪਾਇਲਟ ਚੰਡੀਗੜ੍ਹ ਪੁੱਜੇ :- ਕੇਂਦਰੀ ਗ੍ਰਿਹ ਮੰਤਰੀ ਸ੍ਰੀ ਐੱਸ.ਬੀ.ਚਵਾਨ ਤੇ ਅੰਦਰੂਨੀ ਸੁਰੱਖਿਆ ਬਾਰੇ ਮੰਤਰੀ ਸ੍ਰੀ ਰਾਜੇਸ਼ ਪਾਇਲਟ ਹਾਦਸੇ ਦੀ ਖਬਰ ਸੁਣਦਿਆਂ ਚੰਡੀਗੜ੍ਹ ਲਈ ਰਵਾਨਾ ਹੋ ਗਏ।

ਅੰਤਮ ਸੰਸਕਾਰ ਭਲਕੇ ਕੀਤਾ ਜਾਵੇਗਾ :- ਮੁੱਖ ਮੰਤਰੀ ਸ: ਬੇਅੰਤ ਸਿੰਘ ਦੀ ਮ੍ਰਿਤਕ ਦੇਹ ਦਾ ਅੰਤਮ ਸੰਸਕਾਰ ਭਲਕੇ ਕੀਤਾ ਜਾਵੇਗਾ ਜਿਥੇ ਪ੍ਰਧਾਨ ਮੰਤਰੀ ਪੀ.ਵੀ.ਨਰਸਿਮ੍ਹਾ ਰਾਓ ਕੇਂਦਰੀ ਮੰਤਰੀਆਂ ਅਤੇ ਰਾਜਾਂ ਦੇ ਮੁੱਖ ਮੰਤਰੀਆਂ ਦੇ ਪੁੱਜਣ ਦੀ ਆਸ ਹੈ।

ਜ਼ਖਮੀਆਂ 'ਚ ਵਿਧਾਇਕ ਵੀ ਸ਼ਾਮਲ- ਹਸਪਤਾਲ 'ਚ ਦਾਖਲ 20 ਜ਼ਖਮੀਆਂ ਵਿੱਚ ਵਿਧਾਇਕ ਬਲਦੇਵ ਸਿੰਘ ਵੀ ਸ਼ਾਮਲ ਹੈ, ਜਿਨ੍ਹਾਂ ਨੂੰ ਪੀ.ਜੀ.ਆਈ. 'ਚ ਦਾਖਲ ਕਰਾਇਆ ਗਿਆ ਹੈ।

ਹੋਰਨਾਂ ਜ਼ਖਮੀਆਂ ਨੂੰ ਸੈਕਟਰ-16 ਦੇ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ 'ਚੋਂ ਕੁੱਝ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਮ੍ਰਿਤਕਾਂ ਵਿੱਚ 3 ਕਮਾਂਡੋਜ਼, 6 ਪੁਲਿਸ ਮੁਲਾਜ਼ਮ, 2 ਹਰਿਆਣਾ ਸਰਕਾਰ ਦਫਤਰ ਦੇ ਗੇਟਮੈਨ ਅਤੇ 2 ਡਰਾਇਵਰ ਅਤੇ 2 ਹੋਰ ਮੁਲਾਜ਼ਮ ਸ਼ਾਮਲ ਦੱਸੇ ਜਾਂਦੇ ਹਨ।

ਦਿੱਲੀ 'ਚ ਚੌਕਸੀ—ਦਿੱਲੀ [illegible] ਚੰਡੀਗੜ੍ਹ [illegible] ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਮਾਰੇ ਗਏ ਹਨ, ਮਗਰੋਂ ਅੱਤ ਚੌਕਸੀ ਕਰ ਦਿੱਤੀ ਹੈ।

ਦਿੱਲੀ ਪੁਲਸ ਦੇ ਕਮਿਸ਼ਨਰ ਸ੍ਰੀ ਨਿਖਿਲ ਕੁਮਾਰ ਨੇ ਕਿਹਾ, "ਅਸੀਂ ਪੂਰੀ ਤਰ੍ਹਾਂ ਚੌਕਸ ਹਾਂ। ਬੰਬ ਧਮਾਕੇ ਤੋਂ ਮਗਰੋਂ ਰਾਜਧਾਨੀ ਵਿੱਚ ਇਕ ਉੱਚ-ਪੱਧਰੀ ਮੀਟਿੰਗ ਵਿੱਚ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

ਰੈੱਡ ਅਲੱਰਟ—ਬੰਬ ਧਮਾਕੇ ਤੋਂ ਮਗਰੋਂ ਪੰਜਾਬ, ਹਰਿਆਣਾ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਵਿੱਚ ਰੈੱਡ ਅਲੱਰਟ ਕੀਤਾ ਗਿਆ ਹੈ।

ਚੰਡੀਗੜ੍ਹ ਪੁਲਸ ਨੇ ਦਹਿਸ਼ਤਗਰਦਾਂ ਦੇ ਬਚ ਕੇ ਨਿਕਲਣ ਤੋਂ ਸਮੁੱਚੇ ਚੰਡੀਗੜ੍ਹ ਨੂੰ ਸੀਲ ਕਰ ਦਿੱਤਾ ਗਿਆ ਹੈ ਤੇ ਚਾਰੇ ਪਾਸੇ ਨਾਕੇ ਲਾ ਦਿੱਤੇ ਹਨ ਅਤੇ ਸਾਰੇ ਵਹੀਕਲਾਂ ਦੀ ਸਖਤ ਚੈਕਿੰਗ ਕੀਤੀ ਜਾ ਰਹੀ ਹੈ।

ਸ਼ਹਿਰ ਅਤੇ ਦੋਵਾਂ ਰਾਜਾਂ ਵਿੱਚ ਗਸ਼ਤ ਵਧਾ ਦਿੱਤੀ ਹੈ। ਸ੍ਰੀ ਬੇਅੰਤ ਸਿੰਘ ਦੇ ਜੱਦੀ ਜ਼ਿਲ੍ਹੇ ਲੁਧਿਆਣਾ 'ਚ ਵੀ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

ਪੰਜਾਬ ਸਰਕਾਰ ਨੇ ਸਾਰੇ ਜ਼ਿਲ੍ਹਿਆਂ 'ਚ ਚੌਕਸੀ ਵਧਾ ਦਿੱਤੀ ਹੈ

ਸਾਬਕਾ ਪ੍ਰਧਾਨ ਮੰਤਰੀ ਸ੍ਰੀ ਚੰਦਰ ਸ਼ੇਖਰ ਨੇ ਕਿਹਾ ਹੈ ਕਿ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਇੱਕ ਅਤਿ ਭਿਆਨਕ ਕਾਰਾ ਹੈ। ਉਨ੍ਹਾ ਸ੍ਰੀ ਬੇਅੰਤ ਸਿੰਘ ਅਤੇ ਮਾਰੇ ਗਏ ਹੋਰ ਵਿਅਕਤੀਆਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਨੇ ਸ੍ਰੀ ਬੇਅੰਤ ਸਿੰਘ ਦੀ ਹੱਤਿਆ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਇਸ ਨੂੰ ਦੇਸ਼ ਵਿਰੋਧੀ ਤੱਤਾਂ ਵੱਲੋਂ ਕੀਤੀ ਗਈ ਬੁਜ਼ਦਿਲਾਨਾ ਕਾਰਵਾਈ ਦੱਸਿਆ ਹੈ।

ਉਨ੍ਹਾ ਮਾਰੇ ਗਏ ਸੁਰੱਖਿਆ ਮੁਲਾਜ਼ਮਾਂ ਦੇ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਹੈ।

ਕਾਂਗਰਸ ਤਿਵਾੜੀ ਦੇ ਆਗੂ ਸ੍ਰੀ ਅਰਜਨ ਸਿੰਘ ਨੇ ਕਿਹਾ ਕਿ ਸ੍ਰੀ ਬੇਅੰਤ ਸਿੰਘ ਨੇ ਦਹਿਸ਼ਤਗਰਦੀ ਵਿਰੁੱਧ ਲੜਦਿਆਂ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ।

ਕੇਂਦਰੀ ਰਾਜ ਭਲਾਈ ਮੰਤਰੀ ਸ੍ਰੀ ਵੀ.ਕੇ. ਬੰਗਾਬਾਲੂ ਨੇ ਕਿਹਾ ਹੈ ਕਿ ਬੇਅੰਤ ਸਿੰਘ ਦੀ ਮੌਤ ਨਾਲ ਦੇਸ਼ ਨੇ ਇੱਕ ਮਹਾਨ ਦੇਸ਼ ਭਗਤ ਤੇ ਪੰਜਾਬ ਵਿੱਚ ਸ਼ਾਂਤੀ ਦਾ ਮਸੀਹਾ ਗੁਆ ਲਿਆ ਹੈ।

(ਬਾਕੀ ਸਫਾ 6 ਕਾਲਮ 4 'ਤੇ)

ਬੇਅੰਤ ਸਿੰਘ ਜੀਵਨੀ

ਸ੍ਰੀ ਬੇਅੰਤ ਸਿੰਘ ਨੇ ਆਪਣਾ ਰਾਜਨੀਤਿਕ ਜੀਵਨ ਪਿੰਡ ਦੀ ਸਰਪੰਚੀ ਤੋਂ ਸ਼ੁਰੂ ਕੀਤਾ।

1969 ਵਿੱਚ ਸ੍ਰੀ ਬੇਅੰਤ ਸਿੰਘ ਪਹਿਲੀ ਵਾਰ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਅਸੰਬਲੀ 'ਚ ਦਾਖਲ ਹੋਏ।

1980 ਵਿੱਚ ਸ੍ਰੀ ਬੇਅੰਤ ਸਿੰਘ ਲੁਧਿਆਣਾ ਜ਼ਿਲ੍ਹੇ ਦੇ ਪਾਇਲ ਅਸੰਬਲੀ ਹਲਕੇ ਤੋਂ ਇੰਕਾ ਟਿਕਟ 'ਤੇ ਦੂਜੀ ਵਾਰ ਚੁਣੇ ਗਏ ਸਨ। 1985 ਵਿੱਚ ਰਾਜੀਵ-ਲੌਂਗੋਵਾਲ ਸਮਝੌਤੇ ਤੋਂ ਬਾਅਦ ਅਕਾਲੀ ਦਲ ਦੀ ਹੂੰਝਾਫੇਰ ਜਿੱਤ ਸਮੇਂ ਉਹ ਹਾਰ ਗਏ ਸਨ।

ਸ੍ਰੀ ਬੇਅੰਤ ਸਿੰਘ ਦਾ ਜਨਮ 1922 ਵਿੱਚ ਜ਼ਿਲਾ ਲੁਧਿਆਣਾ ਦੇ ਪਿੰਡ ਬਿਲਾਸਪੁਰ 'ਚ ਹੋਇਆ ਸੀ। ਉਨ੍ਹਾ ਨੇ ਆਪਣੀ ਮੁਢਲੀ ਵਿਦਿਆ ਇਥੋਂ ਹੀ ਹਾਸਲ ਕੀਤੀ।

ਬਰਾੜ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

ਚੰਡੀਗੜ੍ਹ, 31 ਅਗਸਤ (ਯੂ. ਐੱਨ. ਆਈ.)—ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਸ੍ਰੀ ਐੱਚ.ਐੱਸ. ਬਰਾੜ ਨੇ ਅੱਜ ਕਾਰਜਕਾਰੀ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ।

ਉਨ੍ਹਾ ਨੂੰ ਸਰਕਾਰੀ ਭੇਦ ਗੁਪਤ ਰੱਖਣ ਦੀ ਸਹੁੰ ਅੱਜ ਸ਼ਾਮੀ ਰਾਜਪਾਲ ਜਨਰਲ ਬੀ.ਕੇ.ਐੱਨ. ਛਿੱਬਰ ਨੇ ਚੁਕਾਈ।

ਸ੍ਰੀ ਬਰਾੜ ਸ੍ਰੀ ਬੇਅੰਤ ਸਿੰਘ ਦੀ ਥਾਂ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ, ਜਿਨ੍ਹਾਂ ਦਾ ਅੱਜ ਸ਼ਾਮੀ ਇਕ ਸ਼ਕਤੀਸ਼ਾਲੀ ਬੰਬ ਧਮਾਕੇ ਵਿੱਚ ਦੇਹਾਂਤ ਹੋ ਗਿਆ।

ਸਹੁੰ ਚੁੱਕ ਸਮਾਗਮ ਦੇ ਮੌਕੇ 'ਤੇ ਸ੍ਰੀ ਬੇਅੰਤ ਸਿੰਘ ਦੇ ਕੁਝ ਮੰਤਰੀ ਸਾਥੀ ਅਤੇ ਕੁਝ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਹਵਾਲਾ ਕਾਂਡ 'ਚ ਵੰਡੇ ਗਏ ਧਨ ਸੰਬੰਧੀ ਸੀ.ਬੀ.ਆਈ. ਨੇ ਸਬੂਤ ਇਕੱਠੇ ਕੀਤੇ

ਨਵੀਂ ਦਿੱਲੀ, 31 ਅਗਸਤ (ਹਿੰਦ: ਟਾਈ:)-ਸੀ.ਬੀ.ਆਈ. ਨੂੰ ਇਸ ਗੱਲ ਦੇ ਪੱਕੇ ਸਬੂਤ ਮਿਲ ਗਏ ਹਨ ਕਿ ਸਾਬਕਾ ਕੇਂਦਰੀ ਮੰਤਰੀ ਸ੍ਰੀ ਆਰਿਫ ਮੁਹੰਮਦ ਖਾਨ ਨੇ ਗੁਜਰਾਤ ਵਿੱਚ ਇੱਕ ਬਿਜਲੀ [illegible] ਨੂੰ ਪ੍ਰਵਾਨਗ., ੮੯ ਦੇ ਮਾਮਲੇ ਵਿੱਚ ਜੈਨ ਭਰਾਵਾਂ ਤੋਂ ਕਥਿਤ ਤੌਰ 'ਤੇ ਕਰੋੜਾਂ ਰੁਪਏ ਰਿਸ਼ਵਤ ਵਜੋਂ ਲਏ ਸਨ।

ਸੀ.ਬੀ.ਆਈ. ਦੇ ਉੱਚ ਪੱਧਰੀ ਸੂਤਰਾਂ ਅਨੁਸਾਰ ਸ੍ਰੀ ਵੀ.ਪੀ. ਸਿੰਘ ਦੀ ਸਰਕਾਰ ਸਮੇਂ ਸ੍ਰੀ ਆਰਿਫ ਮੁਹੰਮਦ ਖਾਨ ਨੇ ਬਿਜਲੀ ਰਾਜ ਮੰਤਰੀ ਹੁੰਦਿਆਂ ਹੋਇਆਂ 1989 ਵਿੱਚ ਨਵਾਸ ਬਿਜਲੀ ਪ੍ਰਾਜੈਕਟ ਦੀ ਪ੍ਰਵਾਨਗੀ ਦੇਣ ਸਮੇਂ ਜੈਨ ਭਰਾਵਾਂ ਤੋਂ ਕਥਿਤ ਤੌਰ 'ਤੇ 7.50 ਕਰੋੜ ਰੁਪਏ ਦੀ ਰਿਸ਼ਵਤ ਲਈ ਗਈ। ਭਿਲਾਈ ਇੰਜਨੀਅਰ ਕੰਪਨੀ ਦੇ ਮਾਲਕ ਜੈਨ ਭਰਾ ਫਰਾਂਸ ਦੀ ਇੱਕ ਕੰਪਨੀ ਅਲਸਥੋਮ ਜੀ ਲਈ ਏਜੰਟੀ ਕਰਦੇ ਸਨ ਜਿਹੜੀ ਇਸ ਪ੍ਰਾਜੈਕਟ ਨੂੰ ਆਪਣੇ ਹੱਥਾਂ ਵਿੱਚ ਲੈਣ ਲਈ ਨੱਠ ਭੱਜ ਕਰ ਰਹੀ ਸੀ।

ਸ੍ਰੀ ਰਾਜੀਵ ਗਾਂਧੀ ਸਰਕਾਰ ਸਮੇਂ ਇਹ ਪ੍ਰਾਜੈਕਟ ਮੰਤਰੀਆਂ ਵਿਚਕਾਰ ਵਾਦ-ਵਿਵਾਦ ਦਾ ਵਿਸ਼ਾ ਬਣਿਆ ਸੀ ਅਤੇ ਇਸ ਨੂੰ ਕੇਂਦਰੀ ਬਿਜਲੀ ਮੰਤਰਾਲੇ ਦੀ ਪ੍ਰਵਾਨਗੀ ਨਹੀਂ ਸੀ ਮਿਲੀ। ਸ੍ਰੀ ਆਰਿਫ ਮੁਹੰਮਦ ਖਾਨ ਦੇ ਵੀ.ਪੀ. ਸਿੰਘ ਸਰਕਾਰ ਸਮੇਂ ਬਿਜਲੀ ਰਾਜ ਮੰਤਰੀ ਦਾ ਚਾਰਜ ਸੰਭਾਲਦਿਆਂ ਹੀ ਇਸ ਪ੍ਰਾਜੈਕਟ ਨੂੰ ਇੱਕ ਦਿਨ ਵਿੱਚ ਹੀ ਪ੍ਰਵਾਨਗੀ ਦੇ ਦਿੱਤੀ ਸੀ। ਪ੍ਰਵਾਨਗੀ ਦਿੱਤੇ ਜਾਣ ਸਮੇਂ ਇਸ ਪ੍ਰਾਜੈਕਟ ਦੀ ਲਾਗਤ ਵਿੱਚ 65 ਕਰੋੜ ਦਾ ਵਾਧਾ ਕਰ ਦਿੱਤਾ ਗਿਆ ਸੀ।

ਸੀ.ਬੀ.ਆਈ. ਨੇ ਸ੍ਰੀ ਆਰਿਫ ਮੁਹੰਮਦ ਖਾਨ ਦੇ ਸਮੇਂ ਹੋਏ ਸਾਰੇ ਸਮਝੌਤਿਆਂ ਦੀ ਛਾਣ ਬੀਣ ਕੀਤੀ ਅਤੇ ਪੱਕੇ ਸਬੂਤ ਮਿਲਣ ਤੋਂ ਬਾਅਦ ਖਾਨ ਦੇ ਠਿਕਾਣਿਆਂ 'ਤੇ ਛਾਪੇ ਮਾਰਨ ਦਾ ਫੈਸਲਾ ਲਿਆ।

ਇਸ ਸਮੇਂ ਗ੍ਰਿਹ ਸਕੱਤਰ ਸ੍ਰੀ ਕੇ. ਪਟਮਾਨਭੀਆ ਸ੍ਰੀ ਖਾਨ ਦੇ ਮੰਤਰੀ ਹੁੰਦੇ ਸਮੇਂ ਬਿਜਲੀ ਮੰਤਰਾਲੇ ਵਿੱਚ ਐਡੀਸ਼ਨਲ ਸਕੱਤਰ ਸਨ। ਸ੍ਰੀ ਆਰ.ਆਰ. ਸ਼ਾਹ ਆਈ.ਏ.ਐੱਸ., ਜੋ ਇਸ ਸਮੇਂ ਗ੍ਰਿਹ ਮੰਤਰਾਲੇ ਵਿੱਚ ਕੰਮ ਕਰ ਰਹੇ ਹਨ, ਉਸ ਸਮੇਂ ਬਿਜਲੀ ਮੰਤਰਾਲੇ ਵਿੱਚ ਜਾਇੰਟ ਸਕੱਤਰ ਸਨ। ਜੈਨ ਭਰਾਵਾਂ ਕੋਲੋਂ ਮਿਲੀ ਡਾਇਰੀ ਵਿੱਚ ਜਿਨ੍ਹਾਂ 115 ਵਿਅਕਤੀਆਂ ਦੀ ਸੂਚੀ ਹੈ, ਉਸ ਵਿੱਚ ਇਨ੍ਹਾਂ ਦੋ ਅਫਸਰਾਂ ਦੇ ਨਾਅ ਦਰਜ ਹਨ, ਜਿਨ੍ਹਾਂ ਨੂੰ ਜੈਨ ਭਰਾਵਾਂ ਵੱਲੋਂ 68 ਕਰੋੜ ਰੁਪਏ ਦੀ ਰਿਸ਼ਵਤ ਦਿੱਤੀ ਗਈ। ਇਸ ਡਾਇਰੀ ਅਨੁਸਾਰ ਸ੍ਰੀ ਪਟਮਾਨਭੀਆ ਨੂੰ ਕਥਿਤ ਤੌਰ ਤੇ 50 ਲੱਖ ਰੁਪਏ ਦਿੱਤੇ ਗਏ ਸਨ।

ਸਾਬਕਾ ਉਪ ਪ੍ਰਧਾਨ ਮੰਤਰੀ ਸ੍ਰੀ ਦੇਵੀ ਲਾਲ ਦੇ ਪੱਤੇ ਪ੍ਰਦੀਪ ਕੁਮਾਰ ਵਿਰੁੱਧ ਪੱਕੇ ਸਬੂਤ ਮਿਲਣ 'ਤੇ ਹੀ ਛਾਪਾ ਮਾਰਿਆ ਗਿਆ। ਜਦੋਂ ਸੀ.ਬੀ.ਆਈ. [illegible] ਚੌਧਰੀ ਦੇਵੀ ਲਾਲ [illegible] ਗਏ ਲੱਖਾਂ ਰੁਪਏ ਬਾਰ ਪੁੱਛਿਆ ਸੀ ਤਾਂ ਉਨ੍ਹਾਂ ਸੀ.ਬੀ.ਆਈ. ਨੂੰ ਇਹ ਜੁਆਬ ਦਿੱਤਾ ਸੀ : "ਪ੍ਰਦੀਪ ਕੁਮਾਰ ਜੈਨ ਨੂੰ ਮੇਰੇ ਕੋਲ ਲੈ ਕੇ ਆਇਆ ਸੀ। ਤੁਸੀ ਉਸ ਤੋਂ ਹੀ ਪਤਾ ਕਰੋ।"

ਉਸ ਸਮੇਂ ਪ੍ਰਦੀਪ ਕੁਮਾਰ ਚੌਧਰੀ ਦੇਵੀ ਲਾਲ ਦਾ ਐਡੀਸ਼ਨਲ ਨਿੱਜੀ ਸਕੱਤਰ ਸੀ। ਸੀ.ਬੀ.ਆਈ. ਨੇ ਇਸ ਗੱਲ ਦਾ ਪਤਾ ਲਾ ਲਿਆ ਕਿ ਪ੍ਰਦੀਪ ਕੁਮਾਰ ਕੋਲ ਦੋ ਜਪਾਨੀ ਕਾਰਾਂ ਹੋਂਡਾ ਅਤੇ ਟਿਓਟਾ ਹਨ। ਇਨ੍ਹਾਂ ਕਾਰਾਂ ਦਾ ਰਿਕਾਰਡ ਇਹ ਦਰਸਾਉਂਦਾ ਹੈ ਕਿ ਸ੍ਰੀ ਜੈਨ ਨੇ ਇਹ ਕਾਰਾਂ ਆਪਣੇ ਨਾਅ ਉੱਤੇ ਜਪਾਨ ਤੋਂ ਦਰਾਮਦ ਕੀਤੀਆਂ ਸਨ ਅਤੇ ਇਨ੍ਹਾਂ ਦੀ ਦਰਾਮਦ ਡਿਊਟੀ ਵੀ ਤਾਰੀ ਸੀ। ਬਾਅਦ ਵਿੱਚ ਇਨ੍ਹਾਂ ਦੋਹਾਂ ਕਾਰਾਂ ਨੂੰ ਪ੍ਰਦੀਪ ਕੁਮਾਰ ਦੇ ਨਾਅ 'ਤੇ ਤਬਦੀਲ ਕਰ ਦਿੱਤਾ ਗਿਆ। ਜੈਨ ਭਰਾਵਾਂ ਦੇ ਇਨ੍ਹਾਂ ਕਾਰਾਂ ਲਈ ਪ੍ਰਦੀਪ ਕੁਮਾਰ ਤੋਂ ਕੋਈ ਪੈਸਾ ਨਹੀਂ ਲਿਆ।

ਉਸ ਸਮੇਂ ਪ੍ਰਦੀਪ ਕੁਮਾਰ ਦੇ ਕਾਰਨ ਸ੍ਰੀ ਜੈਨ ਉਸ ਸਮੇਂ ਦੇ ਉਪ ਪ੍ਰਧਾਨ ਮੰਤਰੀ ਦੇ ਖਾਸ ਮਹਿਮਾਨ ਹੋਇਆ ਕਰਦੇ ਸਨ। ਜਦੋਂ ਸ੍ਰੀ ਦੇਵੀ ਲਾਲ ਨਾਰਵੇ ਦੇ ਬਾਦਸ਼ਾਹ ਦੇ ਸਸਕਾਰ ਵਿੱਚ ਭਾਗ ਲੈਣ ਲਈ ਗਏ ਸਨ ਤਾਂ ਸ੍ਰੀ ਜੈਨ ਚੌਧਰੀ ਦੇਵੀ ਲਾਲ ਦੇ ਨਾਲ ਵਿਸ਼ੇਸ਼ ਜਹਾਜ਼ ਵਿੱਚ ਉਥੇ ਗਏ ਸਨ। ਚੌਧਰੀ ਦੇਵੀ ਲਾਲ ਨੇ ਕਿਸ ਹੈਸੀਅਤ ਵਿੱਚ ਜੈਨ ਦੀ ਚੋਣ ਕੀਤੀ, ਇਹ ਕੋਈ ਨਹੀਂ ਜਾਣਦਾ।

ਜੈਨ ਭਰਾਵਾਂ ਦੇ ਹੋਟਲ ਸਨਅੱਤ ਦੇ ਉੱਘੇ ਵਪਾਰੀ ਸ੍ਰੀ ਲਲਿਤ ਸੂਰੀ ਨੂੰ 10.5 ਕਰੋੜ ਰੁਪਏ ਦੀ ਰਕਮ ਕਥਿਤ ਤੌਰ 'ਤੇ ਉਸ ਦੇ ਸਿਆਸੀ ਨੂੰ ਦੇਣ ਹਿਤ ਦਿੱਤੀ। ਸੀ.ਬੀ.ਆਈ. ਨੇ ਪਿਛਲੇ ਦਿਨੀਂ ਲਲਿਤ ਸੂਰੀ ਦੇ ਠਿਕਾਣਿਆਂ 'ਤੇ ਵੀ ਛਾਪੇ ਮਾਰੇ ਅਤੇ ਕਈ ਫਾਈਲਾਂ, ਦਸਤਾਵੇਜ਼ ਬਰਾਮਦ ਕੀਤੇ ਹਨ।

ਉਧਰ ਸ੍ਰੀ ਆਰਿਫ ਖਾਨ ਦਾ ਕਹਿਣਾ ਹੈ ਕਿ ਸੀ.ਬੀ.ਆਈ. ਵੱਲੋਂ ਲਾਏ ਗਏ ਦੋਸ਼ ਬੇ-ਬੁਨਿਆਦ ਹਨ। ਉਨ੍ਹਾ ਦਾ ਕਹਿਣਾ ਹੈ ਕਿ ਫਰਾਂਸ ਦੀ ਕੰਪਨੀ ਨੂੰ ਪ੍ਰਾਜੈਕਟ ਦਾ ਠੇਕਾ ਦੇਣ ਸੰਬੰਧੀ ਜੇਕਰ ਕੋਈ ਰਿਸ਼ਵਤ ਦਿੱਤੀ ਗਈ ਤਾਂ ਇਸ ਘਪਲੇ ਬਾਰੇ ਪਹਿਲਾਂ ਕਿਓਂ ਨਾ ਪਤਾ ਲਾਇਆ ਗਿਆ। ਉਨ੍ਹਾ ਦਾ ਇਹ ਵੀ ਕਹਿਣਾ ਹੈ ਕਿ ਫਰਾਂਸ ਦੀ ਕੰਪਨੀ ਨੂੰ ਪ੍ਰਾਜੈਕਟ ਦਾ ਠੇਕਾ ਦੇਣ ਨਾਲ ਹਵਾਲਾ ਕਾਂਡ ਦਾ ਕੀ ਸੰਬੰਧ ਹੈ। ਉਨ੍ਹਾ ਨੇ ਕਿਹਾ ਕਿ ਮੈਂ ਕਦੇ ਵੀ ਕਾਹਲ ਵਿੱਚ ਜਾਂ ਰਿਸ਼ਵਤ ਲੈ ਕੇ ਕਿਸੇ ਪ੍ਰਾਜੈਕਟ ਨੂੰ ਪ੍ਰਵਾਨਗੀ ਨਹੀਂ ਦਿੱਤੀ।

ਸੇਸ਼ਨ ਵੱਲੋਂ ਕੀਤੀ 'ਕੰਮਾਂ ਦੀ ਵੰਡ' ਨੇ ਕਈ ਸ਼ੰਕੇ ਖੜ੍ਹੇ ਕਰ ਦਿੱਤੇ

ਨਵੀਂ ਦਿੱਲੀ, 31 ਅਗਸਤ (ਇੰ. ਅ.)-ਤਿੰਨ ਮੈਂਬਰੀ ਚੋਣ ਕਮਿਸ਼ਨ ਦੀ ਪਰਸੋਂ ਹੋਈ ਮੀਟਿੰਗ ਵਿੱਚ ਕੰਮਾਂ ਦੀ ਵੰਡ ਦਾ ਤੌਰ-ਤਰੀਕਾ ਜੋ ਮੁੱਖ ਚੋਣ ਕਮਿਸ਼ਨਰ ਟੀ.ਐੱਨ. ਸੇਸ਼ਨ ਨੇ ਸਾਹਮਣੇ ਰੱਖਿਆ ਹੈ ਉਸ ਨੇ ਕਮਿਸ਼ਨ ਦੇ ਕੰਮਾਂ ਦੀ ਇਮਾਨਦਾਰੀ 'ਤੇ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰ ਦਿੱਤੇ ਹਨ।

ਕੰਮਾਂ ਦੀ ਵੰਡ ਬਾਰੇ ਢੰਗ ਤਰੀਕਿਆਂ ਦੇ ਪ੍ਰਸਤਾਵ ਜੋ ਸ੍ਰੀ ਸੇਸ਼ਨ ਨੇ ਪੇਸ਼ ਕੀਤੇ ਹਨ, ਉਸ ਨੇ ਦੋਵਾਂ ਚੋਣ ਕਮਿਸ਼ਨਰਾਂ ਐੱਮ.ਐੱਸ. ਗਿੱਲ ਅਤੇ ਸ੍ਰੀ ਵੀ.ਜੀ. ਕ੍ਰਿਸ਼ਨਾਮੂਰਤੀ ਨੂੰ ਫਰਜ਼ੀ ਖਿਲਾੜੀ (ਡੰਮੀ) ਹੀ ਬਣਾ ਕੇ ਰੱਖ ਦਿੱਤਾ ਹੈ ਜਿਸ ਨਾਲ ਕਮਿਸ਼ਨ ਦੇ ਸੁਹਿਰਦ ਕੰਮਾਂ ਬਾਰੇ ਸ਼ੰਕੇ ਪੈਦਾ ਹੋ ਗਏ ਹਨ।

ਇਹ ਢੰਗ ਤਰੀਕਾ ਸ੍ਰੀ ਸੇਸ਼ਨ ਨੇ ਸਾਹਮਣੇ ਰੱਖਿਆ ਜਿਸ ਵਿੱਚ ਕਮਿਸ਼ਨ ਦੀ ਹਰੇਕ ਮੀਟਿੰਗ ਵਿੱਚ ਕੋਰਮ ਦੀ ਗਿਣਤੀ ਤਿੰਨ ਰੱਖੀ। ਇਸ ਦਾ ਮਤਲਬ ਇਹ ਹੋਇਆ ਕਿ ਜੇ ਮੀਟਿੰਗ ਵਿੱਚ ਇੱਕ ਕਮਿਸ਼ਨ ਜਾਂ ਮੁੱਖ ਚੋਣ ਕਮਿਸ਼ਨਰ ਹਾਜ਼ਰ ਨਾ ਹੋਵੇ ਤਾਂ ਮੀਟਿੰਗ ਬੇਅਰਥ ਹੋਵੇਗੀ। ਇਸ ਦਾ ਮਤਲਬ ਇਹ ਵੀ ਹੋਇਆ ਕਿ ਇਕ ਨੁਕਤੇ 'ਤੇ ਜੇ ਦੋ ਕਮਿਸ਼ਨਰ ਸਹਿਮਤ ਹੋ ਜਾਂਦੇ ਹਨ ਅਤੇ ਮੁੱਖ ਚੋਣ ਕਮਿਸ਼ਨਰ ਹਾਜ਼ਰ ਨਾ ਹੋਵੇ ਤਾਂ ਮੀਟਿੰਗ ਬੇਅਰਥ ਹੋਵੇਗੀ। ਇਹ ਵੀ ਹੋਇਆ ਕਿ ਇਕ ਨੁਕਤੇ 'ਤੇ ਜੇ ਦੋ ਕਮਿਸ਼ਨਰ ਸਹਿਮਤ ਹੋ ਜਾਂਦੇ ਹਨ ਅਤੇ ਮੁੱਖ ਚੋਣ ਕਮਿਸਨਰ ਵਿਰੋਧੀ ਰੁਖ ਅਪਣਾ ਲੈਂਦਾ ਹੈ ਤਾਂ ਵੀ ਕੋਈ ਫੈਸਲਾ ਨਹੀਂ ਲਿਆ ਜਾ ਸਕੇਗਾ। ਕੋਈ ਵੀ ਫੈਸਲਾ ਲੈਣ ਲਈ ਇਹ ਜ਼ਰੂਰੀ ਬਣ ਗਿਆ ਹੈ ਕਿ ਤਿੰਨਾਂ ਕਮਿਸ਼ਨਰਾਂ ਦੀ ਇੱਕੋ ਰਾਏ ਹੋਵੇ।

ਸ੍ਰੀ ਸੇਸ਼ਨ ਦੇ ਖਰੜੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਮੁੱਖ ਚੋਣ ਕਮਿਸ਼ਨਰ ਬਾਰੇ ਸੰਵਿਧਾਨ ਦੀ ਧਾਰਾ 10 (1) ਅਤੇ ਹੋਰ ਕਮਿਸ਼ਨਰਾਂ ਬਾਰੇ (ਕੰਡੀਸ਼ਨਜ਼ ਆਫ ਸਰਵਿਸ) ਐਕਟ 1993 ਨੂੰ ਹੀ ਲਿਆ ਹੈ ਅਤੇ ਧਾਰਾ 10 (2) ਨੂੰ ਅਣਗੌਲ ਦਿੱਤਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਜੇ ਸਹਿਮਤੀ ਨਾਲ ਫੈਸਲਾ ਨਾ ਲੈ ਹੋਵੇ ਤਾਂ ਦੋ ਅਤੇ ਇੱਕ ਨਾਲ ਫੈਸਲਾ ਲਿਆ ਜਾਵੇ।

ਕੰਮ ਦੀ ਵੰਡ ਦਾ ਇਹ ਤਰੀਕਾ ਸਹਿਜੇ ਹੀ ਸੁਲਝਾ ਲਏ ਜਾਣ ਦੀ ਉਮੀਦ ਨਹੀਂ ਹੈ। ਦੋਵੇਂ ਚੋਣ ਕਮਿਸ਼ਨ ਸ੍ਰੀ ਸੇਸ਼ਨ ਵੱਲੋਂ ਬਣਾਏ ਪ੍ਰਸਤਾਵਾਂ 'ਤੇ ਇਤਰਾਜ਼ ਉਠਾਉਣਗੇ।

ਅਸਲ ਵਿੱਚ ਸ੍ਰੀ ਸੇਸ਼ਨ ਵੱਲੋਂ ਸਰਵ ਉੱਚਤਾ ਦੀ ਲੜਾਈ ਲੜਨ ਤੋਂ ਬਿਨਾ ਆਪਣੀਆਂ ਸ਼ਕਤੀਆਂ ਤਿਆਗਣ ਦੀ ਸੰਭਾਵਨਾ ਨਹੀਂ ਹੈ। ਭਾਵੇਂ ਪਰਸੋਂ ਤਿੰਨਾ ਕਮਿਸ਼ਨਰਾਂ ਵਿਚਕਾਰ 'ਨਿਘੀ' ਮੀਟਿੰਗ ਹੋਈ ਪਰ ਇਹ ਸੁਪਰੀਮ ਕੋਰਟ ਵੱਲ ਵਧਣ ਦਾ ਰਾਹ ਹੈ।

ਸਥਿਤੀ ਦਾ ਜਾਇਜ਼ਾ

ਨਵੀਂ ਦਿੱਲੀ, 31 ਅਗਸਤ (ਪੀ.ਟੀ.ਆਈ.)-ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਹੱਤਿਆ ਤੋਂ ਬਾਅਦ ਪੈਦਾ ਹੋਈ ਸਥਿਤੀ ਦਾ ਕੇਂਦਰੀ ਗ੍ਰਿਹ ਮੰਤਰਾਲੇ ਦੀ ਉੱਚ ਪੱਧਰੀ ਮੀਟਿੰਗ ਵਿੱਚ ਜਾਇਜ਼ਾ ਲਿਆ ਗਿਆ।

ਕਾਨੂੰਨ ਵਿਵਸਥਾ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਚੌਕਸ ਕਰ ਦਿੱਤਾ ਗਿਆ ਹੈ।

ਹਰਿਆਣੇ 'ਚ 7 ਦਿਨ ਦਾ ਸੋਗ

ਚੰਡੀਗੜ੍ਹ, 31 ਅਗਸਤ

—ਹਰਿਆਣਾ ਸਰਕਾਰ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਮੌਤ ਦੇ ਸੋਗ 'ਚ ਭਲਕੇ ਤੋਂ ਤਿੰਨ ਦਿਨਾਂ ਲਈ ਆਪਣੇ ਸਾਰੇ ਦਫਤਰ ਅਤੇ ਵਿਦਿਅਕ ਸੰਸਥਾਵਾਂ ਬੰਦ ਕਰਨ ਦੇ ਹੁਕਮ ਦਿੱਤੇ ਹਨ ਅਤੇ ਸੂਬੇ 'ਚ 7 ਦਿਨ ਦਾ ਸੋਗ ਮਨਾਉਣ ਦਾ ਐਲਾਨ ਕੀਤਾ ਹੈ।

ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਦੀ ਮੌਤ ਦੀ ਖ਼ਬਰ ਪਹੁੰਚਣ ਤੋਂ ਬਾਅਦ ਪੰਜਾਬ ਰਾਜ ਭਵਨ ਵਿੱਚ ਮੌਤ ਵਰਗੀ ਚੁੱਪ ਛਾ ਗਈ।

ਘਟਨਾ ਤੋਂ ਬਾਅਦ ਪੰਜਾਬ ਰਾਜ ਭਵਨ ਦੇ ਆਲੇ-ਦੁਆਲੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿੱਤੇ ਹਨ।

ਪੰਜਾਬ ਪਬਲਿਕ ਸਰਵਿਸਿਜ਼ ਕਮਿਸ਼ਨ ਦੇ ਸਕੱਤਰ ਸ੍ਰੀ ਦਲਜੀਤ ਰਾਏ ਚੌਧਰੀ ਨੇ ਸੂਚਨਾ ਦਿੱਤੀ ਹੈ ਕਿ ਪੀ.ਸੀ.ਐੱਸ. ਜੁਡੀਸ਼ੀਅਲ ਦੇ ਇਮਤਿਹਾਨ, ਜਿਹੜੇ ਪਹਿਲੀ ਸਤੰਬਰ ਨੂੰ ਹੋਣੇ ਸਨ, ਉਹ ਹੁਣ 4 ਸਤੰਬਰ 1995 ਨੂੰ ਪਹਿਲਾ ਵਾਲੇ ਸਥਾਨ ਤੇ ਉਸੇ ਹੀ ਸਮੇਂ ਹੋਣਗੇ।

ਸੰਜੇ ਡਾਲਮੀਆ ਦੀ ਕਾਂਸ਼ੀ ਰਾਮ ਨਾਲ ਗੱਲਬਾਤ

ਨਵੀਂ ਦਿੱਲੀ, 31 ਅਗਸਤ

ਸਮਾਜਵਾਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਅਤੇ ਸਨਅਤਕਾਰ ਸੰਜੇ ਡਾਲਮੀਆ ਨੇ ਬਹੁਜਨ ਸਮਾਜ ਪਾਰਟੀ ਦੇ ਆਗੂ ਸ੍ਰੀ ਕਾਂਸ਼ੀ ਰਾਮ ਨਾਲ, ਜਿਹੜੇ ਇਲਾਜ ਲਈ ਟੋਕੀਓ ਵਿੱਚ ਹਨ, ਸੰਪਰਕ ਕਾਇਮ ਕੀਤਾ ਹੋਇਆ ਹੈ।

ਰੱਖਿਆ ਮੰਤਰਾਲੇ ਵੱਲੋਂ ਜਨਰਲ ਸਿੰਘ ਦੇ ਅਸਤੀਫੇ ਬਾਰੇ ਖ਼ਬਰ ਦਾ ਖੰਡਨ

ਨਵੀਂ ਦਿੱਲੀ, 31 ਅਗਸਤ

ਆਈ.)-ਰੱਖਿਆ ਮੰਤਰਾਲੇ ਨੇ ਇਨ੍ਹਾਂ ਅਖ਼ਬਾਰੀ ਰਿਪੋਰਟਾਂ ਦਾ ਖੰਡਨ ਕੀਤਾ ਹੈ ਕਿ ਉੱਤਰੀ ਕਮਾਂਡ ਦੇ ਜਨਰਲ ਅਫਸਰ ਕਮਾਂਡਿੰਗ-ਇਨ-ਚੀਫ ਲੈਫਟੀਨੈਂਟ ਜਨਰਲ ਸੁਰਿੰਦਰ ਸਿੰਘ ਨੇ ਕਸ਼ਮੀਰ ਵਾਦੀ ਵਿੱਚ ਬਦੇਸ਼ੀ ਫੌਜੀ ਮਾਹਿਰਾਂ ਦੇ ਤਾਇਨਾਤ ਕੀਤੇ ਜਾਣ ਵਿਰੁੱਧ ਰੋਸ ਪ੍ਰਗਟ ਕਰਦਿਆਂ ਆਪਣਾ ਅਸਤੀਫਾ ਦੇਣ ਦੀ ਇੱਛਾ ਪ੍ਰਗਟ ਕੀਤੀ ਹੈ। ਇਹ ਬਦੇਸ਼ੀ ਮਾਹਿਰ ਬੀਤੇ ਦੋ ਮਹੀਨਿਆਂ ਤੋਂ ਦਹਿਸ਼ਤਗਰਦਾਂ ਦੁਆਰਾ ਬੰਦੀ ਬਣਾ ਕੇ ਰੱਖੇ ਹੋਏ ਚਾਰ ਬਦੇਸ਼ੀ ਨਾਗਰਿਕਾਂ ਨੂੰ ਛੁਡਵਾਉਣ ਲਈ ਭਾਰਤੀ ਫੌਜ ਨੂੰ ਸਲਾਹ ਦੇਣ ਲਈ ਤਾਇਨਾਤ ਕੀਤੇ ਗਏ ਹਨ।

ਇੱਕ ਅਖ਼ਬਾਰੀ ਰਿਪੋਰਟ 'ਤੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਫੌਜੀ ਬੁਲਾਰੇ ਨੇ ਕਿਹਾ ਹੈ ਕਿ ਆਰਮੀ ਹੈੱਡਕੁਆਰਟਰ ਨੂੰ ਇਸ ਸੰਬੰਧੀ ਕੋਈ ਸੂਚਨਾ ਨਹੀਂ ਮਿਲੀ। ਬੁਲਾਰੇ ਨੇ ਦੱਸਿਆ ਕਿ ਜਨਰਲ ਸੁਰਿੰਦਰ ਸਿੰਘ ਨੇ ਆਪਣੇ ਅਸਤੀਫੇ ਦੀ ਇੱਛਾ ਪ੍ਰਗਟ ਕਰਦਾ ਕੋਈ ਸੰਦੇਸ਼ ਨਹੀਂ ਭੇਜਿਆ ਹੈ।

ਬੁਲਾਰੇ ਨੇ ਸਪੱਸ਼ਟ ਕੀਤਾ ਕਿ ਲੈਫਟੀਨੈਂਟ ਜਨਰਲ ਸੁਰਿੰਦਰ ਸਿੰਘ ਦੇ ਜੰਮੂ ਐਂਡ ਕਸ਼ਮੀਰ ਦੇ ਗਵਰਨਰ ਸ੍ਰੀ ਕੇ.ਵੀ. ਕ੍ਰਿਸ਼ਨਾ ਰਾਓ ਨਾਲ ਬਹੁਤ ਹੀ "ਵਧੀਆ ਸੰਬੰਧ" ਹਨ। ਕਸ਼ਮੀਰ ਵਾਦੀ ਵਿੱਚ ਦਹਿਸ਼ਤਗਰਦੀ ਕਾਰਵਾਈਆਂ ਨੂੰ ਰੋਕਣ ਦੇ ਸੰਬੰਧ ਵਿੱਚ ਦੋਹਾਂ 'ਚ ਬਹੁਤ ਹੀ ਨੇੜਲੇ ਸੰਬੰਧ ਹਨ।

ਇਸ ਦੌਰਾਨ ਆਰਮੀ ਹੈੱਡਕੁਆਰਟਰਜ਼ ਦੇ ਸੂਤਰਾਂ ਨੇ ਇਨ੍ਹਾਂ ਰਿਪੋਰਟਾਂ ਦਾ ਪੂਰੀ ਤਰ੍ਹਾਂ ਖੰਡਨ ਕੀਤਾ ਹੈ ਕਿ ਚੀਫ ਆਫ ਆਰਮੀ ਸਟਾਫ ਜਨਰਲ ਸ਼ੰਕਰ ਰਾਏ ਚੌਧਰੀ ਨੇ ਪ੍ਰਧਾਨ ਮੰਤਰੀ ਸ੍ਰੀ ਪੀ.ਵੀ. ਨਰਸਿਮਹਾ ਰਾਓ ਨਾਲ ਮੁਲਾਕਾਤ ਕੀਤੀ ਹੈ।

ਰੱਖਿਆ ਮੰਤਰਾਲੇ ਵਿਚਲੇ ਸੂਤਰਾਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਬਦੇਸ਼ੀ ਫੌਜੀ ਮਾਹਿਰ ਸਿਰਫ "ਸਲਾਹਕਾਰੀ ਸਮਰਥਾ" ਅਤੇ ਸਾਡੇ ਸੁਰੱਖਿਆ ਬਲਾਂ ਨਾਲ ਜਸੂਸੀ ਸਾਂਝੀ ਕਰਨ ਲਈ ਹੀ ਕਸ਼ਮੀਰ ਵਾਦੀ ਵਿੱਚ ਤਾਇਨਾਤ ਕੀਤੇ ਗਏ ਹਨ।

ਇਨ੍ਹਾਂ ਸੂਤਰਾਂ ਨੇ ਅੱਗੇ ਕਿਹਾ ਹੈ ਕਿ ਭਾਰਤੀ ਫੌਜੀ ਬਦੇਸ਼ੀ ਮਾਹਿਰਾਂ ਦੀ ਕਮਾਂਡ ਹੇਠ ਨਹੀਂ ਹਨ ਅਤੇ ਉਨ੍ਹਾਂ ਦੀ ਮੌਜੂਦਗੀ ਕਾਰਨ ਭਾਰਤੀ ਫੌਜ ਦੇ ਕਮਾਂਡ ਢਾਂਚੇ ਨੂੰ ਕੋਈ ਨੁਕਸਾਨ ਨਹੀਂ ਪੁੱਜ ਰਿਹਾ ਅਤੇ ਸੂਬੇ ਵਿੱਚ ਸਮੁੱਚੀ ਕਮਾਂਡ ਉਨ੍ਹਾਂ ਦੇ ਹੱਥ ਵਿੱਚ ਹੈ।

ਦਿੱਲੀ ਤੋਂ ਛਪਦੀ "ਇੰਡੀਅਨ ਐਕਸਪ੍ਰੈੱਸ" ਅਖ਼ਬਾਰ 'ਚ ਛਪੀ ਇੱਕ ਰਿਪੋਰਟ ਅਨੁਸਾਰ ਉੱਤਰੀ ਕਮਾਂਡ ਦੇ ਜਨਰਲ ਅਫਸਰ ਕਮਾਂਡਿੰਗ ਇਨ-ਚੀਫ ਲੈਫਟੀਨੈਂਟ ਜਨਰਲ ਸੁਰਿੰਦਰ ਸਿੰਘ ਨੇ ਕਸ਼ਮੀਰ ਵਾਦੀ ਵਿੱਚ ਬਦੇਸ਼ੀ ਫੌਜੀ ਮਾਹਿਰਾਂ ਦੇ ਤਾਇਨਾਤ ਕੀਤੇ ਜਾਣ ਵਿਰੁੱਧ ਰੋਸ ਪ੍ਰਗਟ ਕਰਨ ਲਈ ਆਪਣੇ ਅਸਤੀਫੇ ਦੀ ਇੱਛਾ ਪ੍ਰਗਟ ਕੀਤੀ ਹੈ। ਅਮਰੀਕੀ ਫੌਜ ਦੀ ਡੈਲਟਾ ਫੋਰਸ, ਬ੍ਰਿਟਿਸ਼ ਆਰਮੀ ਸਪੈਸ਼ਲ ਏਅਰ ਸਰਵਿਸ ਅਤੇ ਜਰਮਨ ਬਾਰਡਰ ਪੁਲਸ ਜੀ.ਐੱਸ.ਜੀ-9 ਦੇ ਕਮਾਂਡੋ ਕਸ਼ਮੀਰ ਵਿੱਚ ਤਾਇਨਾਤ ਕੀਤੇ ਗਏ ਹਨ। ਇੰਡੀਅਨ ਐਕਸਪ੍ਰੈੱਸ 'ਚ ਛਪੀ ਮਨਵਿੰਦਰ ਸਿੰਘ ਦੀ ਰਿਪੋਰਟ ਅਨੁਸਾਰ ਬਦੇਸ਼ੀ ਕਮਾਂਡੋ ਭਾਰਤੀ ਫੌਜ ਦੀ ਇੱਛਾ ਵਿਰੁੱਧ ਤਾਇਨਾਤ ਕੀਤੇ ਗਏ ਹਨ। ਭਾਰਤੀ ਫੌਜ ਦਾ ਵਿਸ਼ਵਾਸ ਹੈ ਕਿ ਇਸ ਨਾਲ ਭਾਰਤ ਦੀ ਪ੍ਰਭੂਸੱਤਾ ਨੂੰ ਖੋਰਾ ਲੱਗੇਗਾ।

ਛਪਾਰ ਮੇਲੇ ਦੇ ਸੰਬੰਧ 'ਚ ਮੀਟਿੰਗ

ਮੁੱਲਾਂਪੁਰ ਦਾਖਾ, 31 ਅਗਸਤ (ਅਵਤਾਰ ਸਿੰਘ)-ਅਕਾਲੀ ਜਥਾ ਸਰਕਲ ਦਾਖਾ ਦੀ ਮੀਟਿੰਗ ਜੋ ਛਪਾਰ ਮੇਲੇ ਦੀ ਕਾਨਫਰੰਸ ਨੂੰ ਕਾਮਯਾਬ ਬਣਾਉਣ ਵਾਸਤੇ ਇਥੇ ਗੁਰਦੁਆਰਾ ਹਰ ਹਰਗੋਬਿੰਦ ਸਾਹਿਬ ਰਾਏਕੋਟ ਰੋਡ ਮੁੱਲਾਂਪੁਰ ਵਿਖੇ ਹੋਈ, ਉਸ ਵਿੱਚ ਜਿੱਥੇ ਛਪਾਰ ਮੇਲੇ ਦੀ ਕਾਨਫਰੰਸ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਕਰਨ ਲਈ ਵਰਕਰਾਂ ਨੂੰ ਆਗੂਆਂ ਨੇ ਪ੍ਰੇਰਿਆ ਉੱਥੇ ਇਸ ਮੀਟਿੰਗ ਵਿੱਚ ਅਕਾਲੀ ਆਗੂਆਂ ਵੱਲੋਂ ਵਰਕਰਾਂ ਦੇ ਦੁੱਖ ਸੁਖ ਵਿੱਚ ਸ਼ਾਮਲ ਨਾ ਹੋਣ ਅਤੇ ਸ੍ਰ: ਸਿਮਰਨਜੀਤ ਸਿੰਘ ਮਾਨ ਵੱਲੋਂ ਅਲੱਗ ਹੋ ਕੇ ਛਪਾਰ ਮੇਲੇ 'ਤੇ ਵੱਖਰੀ ਕਾਨਫਰੰਸ ਕਰਨ ਦੇ ਮੁੱਦੇ ਵੀ ਹਾਵੀ ਰਹੇ। ਸੁਰਿੰਦਰ ਸਿੰਘ ਐਡਵੋਕੇਟ ਮੁੱਲਾਂਪੁਰ ਨੇ ਬੋਲਦਿਆਂ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਨੂੰ ਅਕਾਲੀ ਏਕਤਾ ਵਿੱਚ ਸਨਮਾਨ ਨਾਲ ਸ਼ਾਮਲ ਕਰਕੇ ਅਕਾਲੀ ਆਗੂਆਂ ਦੇ ਵਕੀਲ ਨੂੰ ਓਨਾ ਧੱਕਾ ਨਹੀਂ ਲੱਗਣਾ ਜਿਨਾ ਨੁਕਸਾਨ ਮਾਨ ਸਾਹਿਬ ਦੇ ਜਥੇਬੰਦੀ ਤੋਂ ਬਾਹਰ ਰਹਿਣ ਨਾਲ ਹੋਵੇਗਾ। ਯੂਥ ਆਗੂ ਅਮਰੀਕ ਸਿੰਘ ਆਲੀਵਾਲ ਨੇ ਕਿਹਾ ਕਿ ਅਕਾਲੀ ਏਕਤਾ ਮੁਕੰਮਲ ਹੋ ਚੁਕੀ ਹੈ ਇਸ ਮੀਟਿੰਗ ਨੂੰ ਬਸੰਤ ਸਿੰਘ ਖਾਲਸਾ, ਹਰਿੰਦਰ ਸਿੰਘ ਖਾਲਸਾ ਸਾਬਕਾ ਰਾਜਦੂਤ ਨਾਰਵੇ, ਰਾਜਵਿੰਦਰ ਸਿੰਘ ਸਰਪੰਚ, ਮੱਘਰ ਸਿੰਘ ਮੁੱਲਾਂਪੁਰ, ਅਵਤਾਰ ਸਿੰਘ ਮੁਲਾ ਹੰਬੜਾਂ, ਸਤਿੰਦਰ ਸਿੰਘ, ਦਰਸ਼ਨ ਸਿੰਘ ਪਮਾਲ, ਮੇਹਰ ਸਿੰਘ ਗੜ੍ਹੇ ਬਲਵੰਤ ਸਿੰਘ ਅਤੇ ਨਰੰਜਨ ਸਿੰਘ ਪੰਡੋਰੀ ਨੇ ਸੰਬੋਧਨ ਕੀਤਾ। ਮੀਟਿੰਗ ਦੀ ਪ੍ਰਧਾਨਗੀ ਜਗਤਾਰ ਸਿੰਘ ਚਾਗਪੁਰ ਨੇ ਕੀਤੀ।

ਸੁਪਰੀਮ ਕੋਰਟ ਵੱਲੋਂ ਮਧੂ ਬਾਲਾ ਦੇ ਮਾਪਿਆਂ ਨੂੰ ਮੁਆਵਜ਼ਾ, ਹੇਠਲੀ ਅਦਾਲਤ ਦੀ ਖਿਚਾਈ

ਨਵੀਂ ਦਿੱਲੀ, 31 ਅਗਸਤ (ਟਾ.ਅ.ਇ.)-ਸੁਪਰੀਮ ਕੋਰਟ ਨੇ ਹਾਦਸੇ ਦੇ ਇਕ ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਮੁਕੱਦਮਾ ਦਾਇਰ ਕਰਨ ਵਾਲਿਆਂ ਦੇ ਹੱਕ ਵਿੱਚ ਫੈਸਲਾ ਸੁਣਾਉਂਦਿਆਂ ਹੇਠਲੀ ਅਦਾਲਤ ਵੱਲੋਂ ਕੀਤੇ ਗਏ ਫੈਸਲੇ ਨੂੰ ਰੱਦ ਕਰ ਦਿੱਤਾ। ਅਦਾਲਤ ਨੇ ਪਟਿਆਲਾ ਦੀ ਮਧੂ ਬਾਲਾ ਮਿੱਤਲ ਦੇ ਮਾਪਿਆਂ ਵੱਲੋਂ ਦਾਇਰ ਪਟੀਸ਼ਨ 'ਤੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਧੀ ਦਾ 1 ਲੱਖ ਰੁਪਏ ਮੁਆਵਜ਼ਾ 1983 ਤੋਂ 12 ਫੀਸਦੀ ਵਿਆਜ ਸਮੇਤ ਦਿੱਤਾ ਜਾਵੇ। 1 ਮਾਰਚ 1983 ਵਿੱਚ ਮੋਟਰ ਵਹੀਕਲਜ਼ ਕਲੇਮ ਟ੍ਰਿਊਨਲ ਨੇ ਮਧੂ ਬਾਲਾ, ਜਿਸ ਦਾ ਹਾਦਸਾ 1987 ਵਿੱਚ ਹੋਇਆ ਸੀ ਅਤੇ ਉਹ ਚਾਰ ਦਿਨ ਬਾਅਦ ਮਰ ਗਈ ਸੀ। ਅਦਾਲਤ ਨੇ ਮੁਆਵਜ਼ੇ ਦਾ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਹੇਠਲੀ ਅਦਾਲਤ ਵੱਲੋਂ ਕੀਤਾ ਗਿਆ ਫੈਸਲਾ ਮਨ ਨੂੰ ਠੇਸ ਪਹੁੰਚਾਉਣ ਵਾਲਾ ਹੈ। ਇਹ ਫੈਸਲਾ ਤਿੰਨ ਜੱਜਾਂ 'ਤੇ ਅਧਾਰਤ ਬੈਂਚ ਨੇ ਕੀਤਾ। ਬੈਂਚ ਜਸਟਿਸ ਸ੍ਰੀ ਜੇ.ਐੱਸ. ਸਿੰਘ, ਜਸਟਿਸ ਸ੍ਰੀ ਐੱਨ.ਪੀ. ਸਿੰਘ ਅਤੇ ਜਸਟਿਸ ਸ੍ਰੀ ਕੇ. ਵੈਂਕਟਾਸਵਾਮੀ 'ਤੇ ਅਧਾਰਤ ਸੀ।

ਕਲੇਮ ਟ੍ਰਿਬਿਊਨਲ ਦੇ ਜੱਜ ਨੇ ਮਾਪਿਆਂ ਵੱਲੋਂ ਹਸਪਤਾਲ ਵਿੱਚ ਕੁੜੀ ਦੇ ਇਲਾਜ 'ਤੇ ਖਰਚ ਕੀਤੇ ਗਏ 4 ਹਜ਼ਾਰ ਰੁਪਏ ਹਰਜਾਨੇ ਦੀ ਮੰਗ ਰੱਦ ਕਰ ਦਿੱਤੀ ਸੀ। ਪੰਜਾਬ ਹਰਿਆਣਾ ਹਾਈ ਕੋਰਟ ਨੇ 36 ਹਜ਼ਾਰ ਹਰਜਾਨਾ ਅਤੇ 4 ਹਜ਼ਾਰ ਮੈਡੀਕਲ ਖਰਚ ਦੇਣ ਦਾ ਹੁਕਮ ਦਿੱਤਾ ਸੀ ਅਤੇ ਇਕ ਲੱਖ ਹਰਜਾਨੇ ਦੀ ਮਾਪਿਆਂ ਦੀ ਮੰਗ ਨਹੀਂ ਸੀ ਮੰਨੀ। ਪਟਿਆਲਾ ਅਦਾਲਤ ਨੇ ਇਹ ਵੀ ਕਿਹਾ ਸੀ ਕਿ ਕੁੜੀ ਮਾਪਿਆਂ ਲਈ ਆਮਦਨ ਦਾ ਸਾਧਨ ਨਹੀਂ ਹੋ ਸਕਦੀ ਸੀ ਕਿਉਂਕਿ ਮਾਪਿਆਂ ਨੇ ਉਸ ਦੇ ਪਾਲਣ ਪੋਸ਼ਣ ਅਤੇ ਪੜ੍ਹਾਈ 'ਤੇ ਖਰਚ ਕਰਨਾ ਸੀ। ਜੱਜ ਨੇ ਇਥੋਂ ਤੱਕ ਕਹਿ ਦਿੱਤਾ ਸੀ ਕਿ ਕੁੜੀ ਨੇ ਕਮਾਈ ਤਾਂ ਕੀ ਕਰਨੀ ਸੀ ਸਗੋਂ ਉਸ ਨੇ ਤਾਂ ਮਾਪਿਆਂ ਲਈ ਇਕ ਦੇਣਦਾਰੀ ਬਣਨਾ ਸੀ।

46 ਪਿੰਡਾਂ ਨੂੰ ਬਿਜਲੀ ਸਪਲਾਈ ਸਿਰਫ ਦੋ ਘੰਟੇ

ਭਿਵਾਨੀ, 31 ਅਗਸਤ (ਪੀ.ਟੀ.ਆਈ.)-ਭਿਵਾਨੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਐੱਨ.ਐੱਸ. ਤਨਵਰ ਨੇ ਅੱਜ ਇਨ੍ਹਾਂ ਰਿਪੋਰਟਾਂ ਦਾ ਖੰਡਨ ਕੀਤਾ ਹੈ ਕਿ ਕਾਕਮਾ ਪਿੰਡ 'ਚ ਬਿਜਲੀ ਸਪਲਾਈ ਬਹਾਲ ਕਰਨ ਤੋਂ ਮਗਰੋਂ ਫਿਰ ਦਿੱਤੀ ਗਈ ਹੈ।

ਸ੍ਰੀ ਤਨਵਰ ਨੇ ਕਿਹਾ ਕਿ ਕਾਕਮਾ, ਗੋਪਾਲਵਾਸ ਅਤੇ ਬਦਰਾਏ ਪਿੰਡਾਂ ਨੂੰ ਬਿਜਲੀ ਦੀ ਸਪਲਾਈ, ਵਾਟਰ ਸਪਲਾਈ ਅਤੇ ਘਰੇਲੂ ਕੰਮਾਂ ਲਈ ਸਵੇਰੇ 8.30 ਤੋਂ 9 ਵਜੇ ਤਕ ਅਤੇ ਸ਼ਾਮ ਨੂੰ 7.30 ਤੋਂ 9.30 ਵਜੇ ਦਿੱਤੀ ਜਾਂਦੀ ਹੈ।

ਜੇਲ੍ਹ ਅਧਿਕਾਰੀਆਂ ਵੱਲੋਂ ਫ਼ੋਟੋ ਗਰਾਫਰ ਦੀ ਕੁੱਟਮਾਰ

ਕੋਇੰਬਟੂਰ, 31 ਅਗਸਤ (ਪੀ.ਟੀ.ਆਈ.)-ਕੋਇੰਬਟੂਰ ਦੀ ਕੇਂਦਰੀ ਜੇਲ੍ਹ ਦੇ ਅਧਿਕਾਰੀਆਂ ਨੇ ਤਾਮਿਲ ਦੀ ਇੱਕ ਰੋਜ਼ਾਨਾ ਅਖ਼ਬਾਰ ਦੇ ਪੱਤਰਕਾਰ ਨਾਲ ਉਸ ਸਮੇਂ ਦੁਰਵਿਹਾਰ ਕੀਤਾ ਜਦੋਂ ਉਸ ਨੇ ਬੀਤੀ ਰਾਤ ਮਦਰਾਸ ਵਿੱਚ ਰ.ਸ.ਸ. ਦੇ ਮੁੱਖ ਦਫਤਰ ਵਿੱਚ 1993 ਵਿੱਚ ਹੋਏ ਬੰਬ ਧਮਾਕੇ ਦੇ ਮੁੱਖ ਦੋਸ਼ੀ ਇਮਾਮ ਅਲੀ ਦੀਆਂ ਫੋਟੋ ਖਿੱਚੀਆਂ। ਇਮਾਮ ਅਲੀ ਨੂੰ ਰੀਮਾਂਡ ਦਿੱਤੇ ਜਾਣ ਤੋਂ ਬਾਅਦ ਜੇਲ੍ਹ ਲਿਆਂਦਾ ਗਿਆ। ਅਖ਼ਬਾਰ ਥੀਨਾ ਭੂਮੀ ਦੇ ਫੋਟੋ ਗਰਾਫਰ ਨੇ ਪੁਲਸ ਦੀ ਗੱਡੀ ਵਿੱਚੋਂ ਉਤਰਦੇ ਅਲੀ ਦੀਆਂ ਫੋਟੋ ਖਿੱਚੀਆਂ ਸਨ। ਉਸ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਜੇਲ੍ਹ ਦੇ ਅੰਦਰ ਲੈ ਜਾਇਆ ਗਿਆ।

ਭਾਵੇਂ ਖੁਫੀਆ ਪੁਲਸ ਦੇ ਇੱਕ ਅਧਿਕਾਰੀ ਨੇ ਫੋਟੋ ਗਰਾਫਰ ਨੂੰ ਪਛਾਣ ਲਿਆ ਸੀ ਅਤੇ ਉਸ ਨੂੰ ਰਿਹਾਅ ਕਰਨ ਲਈ ਕਹਿ ਦਿੱਤਾ ਸੀ ਪਰ ਤਾਂ ਵੀ ਜੇਲ੍ਹ ਅਧਿਕਾਰੀ ਨੇ ਉਸ ਨੂੰ ਕੁਟਣਾ ਜਾਰੀ ਰੱਖਿਆ। ਉਸ ਦਾ ਕੈਮਰਾ ਖੋਹ ਲਿਆ ਗਿਆ ਅਤੇ ਫਿਲਮ ਵੀ ਖੋਹ ਲਈ। ਪਰ ਫੋਟੋ ਗਰਾਫਰ ਅਲੀ ਦੀ ਫੋਟੋ ਵਾਲੀ ਰੀਲ੍ਹ ਆਪਣੇ ਇਕ ਸਾਥੀ ਨੂੰ ਫੜਾ ਗਿਆ ਸੀ। ਫੋਟੋ ਗਰਾਫਰ ਨੇ ਸ਼ਹਿਰ ਦੀ ਪੁਲਸ ਕੋਲ ਸ਼ਕਾਇਤ ਦਰਜ ਕਰਾ ਦਿੱਤੀ ਹੈ। ਮੈਟਰੋ ਪੋਲੀਟਨ ਮਜਿਸਟਰੇਟ ਨੇ ਕੋਲ੍ਹ ਅਲੀ ਅਤੇ ਉਸ ਦੇ ਚਾਰ ਸਾਥੀਆਂ ਨੂੰ ਰੀਮਾਂਡ ਵਿੱਚ ਭੇਜਣ ਦਾ ਹੁਕਮ ਸੁਣਾਇਆ ਸੀ। ਸਾਰਿਆਂ ਨੂੰ ਕੇਂਦਰੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ।

ਕੀ ਕਿਹਾ...

ਪਾਕਿ ਵੱਲੋਂ ਕਸ਼ਮੀਰ ਮਾਮਲਾ ਉਠਾਉਣ 'ਤੇ ਭਾਰਤ ਦੁਆਰਾ ਤਿੱਖਾ ਵਿਰੋਧ

ਸੰਯੁਕਤ ਰਾਸ਼ਟਰ, 31 ਅਗਸਤ (ਪੀ.ਟੀ.ਆਈ.)-ਭਾਰਤ ਨੇ ਪਾਕਿਸਤਾਨ ਵੱਲੋਂ ਅੰਤਰ-ਸੰਸਦੀ ਕੌਂਸਲ ਦੀ ਆਮ ਬੈਠਕ ਵਿੱਚ ਕਸ਼ਮੀਰ ਦਾ ਮਸਲਾ ਉਠਾਉਣ 'ਤੇ ਤਿੱਖਾ ਇਤਰਾਜ਼ ਕੀਤਾ ਹੈ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸ੍ਰੀ ਅਟਲ ਬਿਹਾਰੀ ਵਾਜਪਾਈ ਪਾਕਿਸਤਾਨੀ ਬਿਆਨ ਦਾ ਅੱਜ ਜਵਾਬ ਦੇਣਗੇ, ਜਿਸ ਵਿੱਚ ਕਿਹਾ ਗਿਆ ਸੀ ਕਿ ਕਸ਼ਮੀਰ ਬਾਰੇ ਸੁਰੱਖਿਆ ਕੌਂਸਲ ਦਾ ਮਤਾ ਲਾਗੂ ਨਾ ਕਰਨ ਕਰਕੇ ਦੱਖਣ ਏਸ਼ੀਆਈ ਖਿੱਤੇ ਦੀ ਸੁਰੱਖਿਆ ਨੂੰ ਲਗਾਤਾਰ ਖਤਰਾ ਬਣਿਆ ਹੋਇਆ ਹੈ।

ਪਾਕਿਸਤਾਨ ਨੈਸ਼ਨਲ ਅਸੰਬਲੀ ਦੇ ਸਪੀਕਰ ਸਈਅਦ ਯੂਸਫ ਰਜ਼ਾ ਗਿਲਾਨੀ ਨੇ ਕੱਲ੍ਹ ਕੌਂਸਲ ਨੂੰ ਸੰਬੋਧਨ ਕਰਦਿਆਂ ਸੰਯੁਕਤ ਰਾਸ਼ਟਰ, ਅੰਤਰ-ਰਾਸ਼ਟਰੀ ਭਾਈਚਾਰੇ ਅਤੇ ਸੰਸਦ ਮੈਂਬਰਾਂ ਨੂੰ ਕਸ਼ਮੀਰੀ ਕਾਜ ਦੀ ਹਦਾਇਤ ਕਰਨ ਲਈ ਕਿਹਾ।

ਕਸ਼ਮੀਰ ਵਿੱਚ ਜਬਰਾਂ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਸੁਰੱਖਿਆ ਕੌਂਸਲ ਦੇ ਮਤੇ ਅਨੁਸਾਰ ਭਾਰਤ 'ਤੇ ਜੰਮੂ ਕਸ਼ਮੀਰ ਵਿੱਚ ਸ਼ਾਂਤੀਪੂਰਨ ਸੈਟਲਮੈਂਟ ਲਈ ਜ਼ੋਰ ਪਾਇਆ ਜਾਣਾ ਚਾਹੀਦਾ ਹੈ।

ਜਦੋਂ ਸ੍ਰੀ ਗਿਲਾਨੀ ਨੇ ਆਪਣਾ ਭਾਸ਼ਣ ਖਤਮ ਕੀਤਾ ਤਾਂ ਭਾਰਤੀ ਵਫਦ ਨੇ ਪਾਕਿਸਤਾਨ ਵੱਲੋਂ ਕਸ਼ਮੀਰ ਮੁੱਦਾ ਉਠਾਉਣ 'ਤੇ ਇਤਰਾਜ਼ ਕੀਤਾ ਅਤੇ ਮੰਗ ਕੀਤੀ ਕਿ ਉਨ੍ਹਾਂ ਨੇ ਇਸ ਗੱਲ ਦਾ ਉੱਤਰ ਦੇਣ ਦੀ ਆਗਿਆ ਦਿੱਤੀ ਜਾਵੇ।

ਸੰਯੁਕਤ ਰਾਸ਼ਟਰ ਦੀ ਮੀਟਿੰਗ ਵਿੱਚ ਦੇਸ਼ਾਂ ਨੂੰ ਜਵਾਬ ਦੇਣ ਦਾ ਅਧਿਕਾਰ ਹੈ, ਪਰ ਆਈ.ਪੀ.ਸੀ. ਵੱਲੋਂ ਜਿਹੜੇ ਅਸੂਲ ਬਣਾਏ ਗਏ ਸਨ, ਉਸ ਵਿੱਚ ਇਸ ਗੱਲ ਦੀ ਮਨਜ਼ੂਰੀ ਨਹੀਂ ਦਿੱਤੀ ਗਈ ਸੀ।

ਭਾਰਤੀ ਵਫਦ ਦੇ ਆਗੂ ਸ੍ਰੀ ਸ਼ਿਵਰਾਜ ਪਾਟਿਲ ਸ੍ਰੀ ਗਿਲਾਨੀ ਤੋਂ ਪਹਿਲਾਂ ਹੀ ਮੀਟਿੰਗ ਨੂੰ ਸੰਬੋਧਨ ਕਰ ਚੁੱਕੇ ਸਨ ਜਦਕਿ ਸ੍ਰੀ ਵਾਜਪਾਈ ਨੇ ਅੱਜ ਸੰਬੋਧਨ ਕਰਨਾ ਹੈ।

ਸੀ.ਬੀ.ਆਈ. ਦੀ ਨਜ਼ਰ ਹੁਣ ਭ੍ਰਿਸ਼ਟ ਅਫਸਰਾਂ ਤੇ ਇੰਜੀਨੀਅਰਾਂ 'ਤੇ

ਨਵੀਂ ਦਿੱਲੀ, 31 ਅਗਸਤ (ਪਾਈ:)-ਸੀ.ਬੀ.ਆਈ. ਨੇ ਰਿਸ਼ਵਤ ਦੇ ਮਾਮਲਿਆਂ ਵਿੱਚ ਸਰਕਾਰ ਦੇ ਸੀਨੀਅਰ ਅਫਸਰਾਂ ਦੇ ਘਰਾਂ 'ਤੇ ਛਾਪੇ ਮਾਰਨ ਦੀ ਸੂਚੀ ਬਣਾਈ ਹੈ। ਇਸ ਸੂਚੀ ਵਿੱਚ 40 ਦੇ ਲੱਗਭਗ ਅਫਸਰ ਹਨ, ਇਨ੍ਹਾਂ ਵਿੱਚੋਂ ਕੁਝ ਅਫਸਰ ਕੇਂਦਰੀ ਮੰਤਰਾਲਿਆਂ ਵਿੱਚ ਜਾਇੰਟ ਸੈਕਟਰੀ ਹਨ, ਕੁਝ ਸਥਾਨਕ ਨਾਗਰਿਕ ਸੰਸਥਾਵਾਂ ਵਿੱਚ ਇੰਜੀਨੀਅਰ ਹਨ ਅਤੇ ਕੁਝ ਦਿੱਲੀ ਪੁਲਸ ਦੇ ਅਧਿਕਾਰੀ ਹਨ।

ਸੀ.ਬੀ.ਆਈ. ਨੇ ਪਿਛਲੇ ਦਿਨੀਂ ਨਵੀਂ ਦਿੱਲੀ ਮਿਉਂਸਪਲ ਕਾਰਪੋਰੇਸ਼ਨ ਦੇ ਐਡੀਸ਼ਨਲ ਚੀਫ ਆਰਕੀਟੈਕਚਰ ਆਰ.ਸੀ. ਸੱਭਰਵਾਲ ਦੇ ਠਿਕਾਣਿਆਂ 'ਤੇ ਛਾਪੇ ਮਾਰੇ ਸਨ ਅਤੇ 40 ਕਰੋੜ ਦੀ ਜਾਇਦਾਦ ਦਾ ਪਤਾ ਲਾਇਆ ਸੀ। ਸੀ.ਬੀ.ਆਈ. ਨੇ ਜਿਨ੍ਹਾਂ 40 ਅਫਸਰਾਂ ਦੀ ਸੂਚੀ ਤਿਆਰ ਕੀਤੀ ਹੈ ਉਨ੍ਹਾਂ ਨੇ 1000 ਕਰੋੜ ਰੁਪਏ ਦੀ ਜਾਇਦਾਦ ਬਣਾਈ ਹੋਈ ਹੈ।

ਸੀ.ਬੀ.ਆਈ. ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਤਿੰਨ ਮਹੀਨੇ ਪਹਿਲਾਂ ਇਹ ਪ੍ਰਾਜੈਕਟ ਤਿਆਰ ਕੀਤਾ ਸੀ। ਸੀ.ਬੀ.ਆਈ. ਨੂੰ ਇਹ ਸੂਚਨਾ ਮਿਲੀ ਸੀ ਕਿ ਅਫਸਰਸ਼ਾਹਾਂ ਅਤੇ ਇੰਜੀਨੀਅਰਾਂ ਨੇ ਗੈਰ ਕਾਨੂੰਨੀ ਸਾਧਨਾਂ ਤੋਂ ਧਨ ਇਕੱਠਾ ਕਰਨ ਵਿੱਚ ਸਿਆਸਤਦਾਨਾਂ ਨੂੰ ਵੀ ਮਾਤ ਕਰ ਦਿੱਤਾ ਹੈ। ਇਸ ਤੋਂ ਬਾਅਦ ਸੀ.ਬੀ.ਆਈ. ਨੇ ਅਜਿਹੇ ਅਫਸਰਾਂ ਦੀ ਸੂਚੀ ਬਣਾਉਣੀ ਸ਼ੁਰੂ ਕਰ ਦਿੱਤੀ।

ਸੀ.ਬੀ.ਆਈ. ਨੂੰ ਹੁਣ ਇਨ੍ਹਾਂ ਛਾਪਿਆਂ ਲਈ ਚੰਗੇ ਮੌਕੇ ਅਤੇ ਤਲਾਸ਼ੀ ਵਾਰੰਟਾਂ ਦੀ ਉਡੀਕ ਹੈ। ਜਾਇੰਟ ਸਕੱਤਰਾਂ ਦੇ ਘਰਾਂ 'ਤੇ ਛਾਪੇ ਮਾਰਨ ਲਈ ਸੀ.ਬੀ.ਆਈ. ਨੂੰ ਸੰਬੰਧਤ ਮੰਤਰਾਲੇ ਤੋਂ ਆਗਿਆ ਲੈਣੀ ਪੈਂਦੀ ਹੈ।

ਰੂਸ 'ਚ ਕਮਿਊਨਿਸਟ ਪਾਰਟੀ ਦੀ ਜਿੱਤ ਦੀਆਂ ਸੰਭਾਵਨਾਵਾਂ ਉਜਾਗਰ

ਮਾਸਕੋ, 31 ਅਗਸਤ (ਹ.ਟ.)-ਚਾਰ ਸਾਲ ਪਹਿਲਾਂ ਰੂਸ ਦੀ ਕਮਿਊਨਿਸਟ ਪਾਰਟੀ ਮਰ ਗਈ ਸੀ, ਇਸ 'ਤੇ ਰਾਸ਼ਟਰਪਤੀ ਬੋਰਿਸ ਯੇਲਤਸਿਨ ਨੇ ਪਾਬੰਦੀ ਲਾ ਦਿੱਤੀ ਸੀ, ਪਰ ਹੁਣ ਸਿਰਫ ਇਹ ਮੁੜ ਜਿੰਦਾ ਹੀ ਨਹੀਂ ਹੋ ਗਈ ਸਗੋਂ ਇਸ ਨੇ ਦਸੰਬਰ ਵਿੱਚ ਹੋਣ ਵਾਲੀਆਂ ਪਾਰਲੀਮੈਂਟ ਚੋਣਾਂ ਵਿੱਚ ਜੇਤੂ ਹੋਣ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ।

ਇਸ ਹਫਤੇ ਪਾਰਟੀ ਦੇ ਆਗੂ ਗਨੇਡੀ ਯੂਗਾਨੋਵ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ, "ਅਸੀਂ ਆਪਣੀ ਸ਼ਕਤੀ ਵਿੱਚ ਮਹੱਤਵਪੂਰਨ ਵਾਧਾ ਕਰਾਂਗੇ।"

"ਅਸੀਂ ਆਪਣੇ ਭਾਈਵਾਲਾਂ ਨਾਲ ਪਾਰਲੀਮੈਂਟ ਵਿੱਚ ਬਹੁਮਤ ਹਾਸਲ ਕਰਨ ਵਿੱਚ ਸਫਲ ਹੋਵਾਂਗੇ।"

ਚਾਰ ਸਾਲ ਪਹਿਲਾਂ ਇਹ ਕਿਹਾ ਗਿਆ ਸੀ ਕਿ ਸਾਮਵਾਦ ਦੀ ਆਖਰੀ ਹਾਰ ਹੋ ਗਈ ਹੈ। ਸੋਵੀਅਤ ਯੂਨੀਅਨ ਦੀ ਮੌਤ ਦੇ ਚਾਰ ਵਰ੍ਹ ਬਾਅਦ ਰੂਸ ਦੀ ਕਮਿਊਨਿਸਟ ਪਾਰਟੀ ਮੁੜ ਜਿੰਦਾ ਹੋ ਗਈ ਹੈ ਅਤੇ ਇਸ ਨੇ ਜਿੱਤ ਦੀਆਂ ਸੰਭਾਵਨਾਵਾਂ ਵੀ ਪੈਦਾ ਕਰ ਦਿੱਤੀਆਂ ਹਨ।

ਕਮਿਊਨਿਸਟੀ ਪਾਰਟੀ ਦੇ ਬੁਲਾਰੇ ਮਿਖਾਈਲ ਮੋਲੋਤਸੋਵ ਨੇ ਕਿਹਾ, "ਅਸੀਂ ਰੂਸ ਦੀ ਸਭ ਤੋਂ ਵੱਡੀ ਪਾਰਟੀ ਹਾਂ ਇਸ ਦੇ 6 ਲੱਖ ਮੈਂਬਰ ਹਨ। ਮੈਂ ਸੋਚਦਾ ਹਾਂ ਕਿ ਕਮਿਊਨਿਸਟ ਇਸ ਗੱਲ ਨੇ ਮਾਰੇ ਸਿਆਸਤਦਾਨਾਂ ਨੂੰ ਘੁੰਮਣ-ਘੇਰੀ ਵਿੱਚ ਪਾ ਦਿੱਤਾ ਹੈ। ਪਾਰਟੀ ਆਪਣੀਆਂ ਵੋਟਾਂ ਵਿੱਚ ਦੁੱਗਣਾ ਵਾਧਾ ਕਰੇਗੀ। ਕੀਤੇ ਗਏ ਇਕ ਸਰਵੇ ਅਨੁਸਾਰ ਕਮਿਊਨਿਸਟ ਇਨ੍ਹਾਂ ਚੋਣਾਂ ਵਿੱਚ ਵਧੀਆ ਮੁਜ਼ਾਹਰਾ ਕਰਨਗੇ। ਰਸ਼ੀਅਨ ਸੈਂਟਰ ਵੱਲੋਂ ਪਿਛਲੇ ਹਫਤੇ ਕੀਤੇ ਗਏ ਰਾਸ਼ਟਰ ਵਿਆਪੀ ਸਰਵੇ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਕਮਿਊਨਿਸਟ ਪਾਰਟੀ ਸਭ ਤੋਂ ਵੱਧ ਹਰਮਨ ਪਿਆਰੀ ਇਕੱਲੀ ਪਾਰਟੀ ਹੈ